# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 12.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਦਿੱਲੀ ਸਣੇ ਦੇਸ਼ ਦੇ 8 ਹਾਈਕੋਰਟ ਨੂੰ ਮਿਲਣਗੇ ਨਵੇਂ ਚੀਫ਼ ਜਸਟਿਸ !



ਚੀਫ਼ ਜਸਟਿਸ ਆਫ਼ ਇੰਡੀਆ ਡੀ.ਵਾਈ. ਚੰਦਰਚੂੜ ਦੀ ਅਗਵਾਈ 'ਚ ਤੇ ਜਸਟਿਸ ਸੰਜੀਵ ਖੰਨਾ, ਬੀ.ਆਰ. ਗਵਈ, ਸੂਰਿਆਕਾਂਤ ਤੇ ਰਿਸ਼ੀਕੇਸ਼ ਰਾਏ ਦੀ ਮੌਜੂਦਗੀ 'ਚ ਸੁਪਰੀਮ ਕੋਰਟ ਕਾਲੇਜੀਅਮ ਨੇ ਪੰਜਾਬ ਹਰਿਆਣਾ ਹਾਈਕੋਰਟ ਤੇ ਦਿੱਲੀ ਸਣੇ 8 ਸੂਬਿਆਂ ਦੇ ਹਾਈਕੋਰਟ 'ਚ ਨਵੇਂ ਚੀਫ਼ ਜਸਟਿਸ ਨਿਯੁਕਤ ਕਰਨ ਲਈ ਜੱਜਾਂ ਦੇ ਨਾਵਾਂ ਦੀ ਸਿਫਾਰਿਸ਼ ਕੀਤੀ ਹੈ।

ਕੋਲੇਜੀਅਮ ਨੇ ਜਸਟਿਸ ਮਨਮੋਹਨ ਨੂੰ ਦਿੱਲੀ ਹਾਈਕੋਰਟ ਦੇ ਚੀਫ਼ ਜਸਟਿਸ ਵਜੋਂ ਨਿਯੁਕਤ ਕਰਨ ਲਈ ਉਨ੍ਹਾਂ ਦੇ ਨਾਂ ਦੀ ਸਿਫਾਰਿਸ਼ ਕੀਤੀ ਹੈ। ਉਹ ਇਸ ਸਮੇਂ ਦਿੱਲੀ ਹਾਈਕੋਰਟ 'ਚ ਕਾਰਜਕਾਰੀ ਚੀਫ਼ ਜਸਟਿਸ ਵਜੋਂ ਸੇਵਾ ਨਿਭਾ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਕੋਲੇਜੀਅਮ ਨੇ ਜਸਟਿਸ ਐੱਮ.ਐੱਸ. ਰਾਮਚੰਦਰ ਰਾਓ, ਜੋ ਕਿ ਇਸ ਸਮੇਂ ਹਿਮਾਚਲ ਪ੍ਰਦੇਸ਼ ਹਾਈਕੋਰਟ 'ਚ ਚੀਫ਼ ਜਸਟਿਸ ਦੇ ਅਹੁਦੇ 'ਤੇ ਨਿਯੁਕਤ ਹਨ, ਨੂੰ ਝਾਰਖੰਡ ਦੇ ਹਾਈਕੋਰਟ 'ਚ ਚੀਫ਼ ਜਸਟਿਸ ਵਜੋਂ ਨਿਯੁਕਤ ਕਰਨ ਲਈ ਉਨ੍ਹਾਂ ਦਾ ਨਾਂ ਪੇਸ਼ ਕੀਤਾ ਹੈ। ਝਾਰਖੰਡ ਹਾਈਕੋਰਟ ਦੇ ਮੌਜੂਦਾ ਚੀਫ਼ ਜਸਟਿਸ ਬੀ.ਆਰ. ਸਾਰੰਗੀ 9 ਜੁਲਾਈ ਨੂੰ ਰਿਟਾਇਰ ਹੋ ਚੁੱਕੇ ਹਨ।

ਦਿੱਲੀ ਹਾਈਕੋਰਟ ਦੇ ਜੱਜ ਰਾਜੀਵ ਸ਼ਕਧੇਰ ਦਾ ਨਾਂ ਹਿਮਾਚਲ ਪ੍ਰਦੇਸ਼ ਹਾਈਕੋਰਟ 'ਚ ਚੀਫ਼ ਜਸਟਿਸ ਵਜੋਂ ਨਿਯੁਕਤ ਕਰਨ ਲਈ ਪੇਸ਼ ਕੀਤਾ ਗਿਆ ਹੈ, ਜਦਕਿ ਦਿੱਲੀ ਹਾਈਕੋਰਟ ਦੇ ਹੀ ਜੱਜ ਸੁਰੇਸ਼ ਕੈਤ ਦਾ ਨਾਂ ਜੰਮੂ-ਕਸ਼ਮੀਰ ਤੇ ਲੱਦਾਖ ਹਾਈਕੋਰਟ 'ਚ ਚੀਫ਼ ਜਸਟਿਸ ਵਜੋਂ ਨਿਯੁਕਤ ਕਰਨ ਲਈ ਰੱਖਿਆ ਗਿਆ ਹੈ।

ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਜੱਜ ਵਜੋਂ ਸੇਵਾ ਨਿਭਾ ਰਹੇ ਜਸਟਿਸ ਗੁਰਮੀਤ ਸਿੰਘ ਸੰਘਾਵਾਲੀਆ ਦਾ ਨਾਂ ਮੱਧ ਪ੍ਰਦੇਸ਼ ਹਾਈਕੋਰਟ 'ਚ ਚੀਫ਼ ਜਸਟਿਸ ਵਜੋਂ ਅਹੁਦਾ ਸੰਭਾਲਣ ਲਈ ਦਿੱਤਾ ਗਿਆ ਹੈ। ਜਸਟਿਸ ਨਿਤਿਨ ਜਾਮਦਾਰ , ਜੋ ਕਿ ਮੌਜੂਦਾ ਸਮੇਂ ਬੰਬੇ ਹਾਈਕੋਰਟ 'ਚ ਜੱਜ ਵਜੋਂ ਨਿਯੁਕਤ ਹਨ, ਉਨ੍ਹਾਂ ਦੇ ਨਾਂ ਦੀ ਸਿਫਾਰਿਸ਼ ਕੋਲੇਜੀਅਮ ਨੇ ਕੇਰਲ ਹਾਈਕੋਰਟ 'ਚ ਚੀਫ਼ ਜਸਟਿਸ ਵਜੋਂ ਅਹੁਦਾ ਸੰਭਾਲਣ ਲਈ ਕੀਤੀ ਹੈ।

ਜੰਮੂ-ਕਸ਼ਮੀਰ ਤੇ ਲੱਦਾਖ ਹਾਈਕੋਰਟ ਦੇ ਜਸਟਿਸ ਤਾਸ਼ੀ ਰਬਸਤਾਨ ਦਾ ਨਾਂ ਮੇਘਾਲਿਆ ਹਾਈਕੋਰਟ ਦੇ ਚੀਫ਼ ਜਸਟਿਸ ਵਜੋਂ ਅਹੁਦਾ ਸੰਭਾਲਣ ਲਈ ਪੇਸ਼ ਕੀਤਾ ਗਿਆ ਹੈ। ਮੇਘਾਲਿਆ ਹਾਈਕੋਰਟ ਦੇ ਮੌਜੂਦਾ ਚੀਫ਼ ਜਸਟਿਸ ਵੈਦਿਆਨਾਥਨ 16 ਅਗਸਤ ਨੂੰ ਰਿਟਾਇਰ ਹੋ ਰਹੇ ਹਨ। ਬੰਬੇ ਹਾਈਕੋਰਟ ਦੇ ਜਸਟਿਸ ਕੇ.ਆਰ. ਸ਼੍ਰੀਰਾਮ ਦੇ ਨਾਂ ਦੀ ਮਦਰਾਸ ਹਾਈਕੋਰਟ 'ਚ ਚੀਫ਼ ਜਸਟਿਸ ਵਜੋਂ ਨਿਯੁਕਤੀ ਲਈ ਸਿਫਾਰਿਸ਼ ਕੀਤੀ ਗਈ ਹੈ।

## ਵਧਦੀਆਂ ਅੱਤਵਾਦੀ ਘਟਨਾਵਾਂ ਨੂੰ ਲੈ ਕੇ ਪੁਲਸ ਅਤੇ BSF ਅਧਿਕਾਰੀਆਂ ਨੇ ਸੁਰੱਖਿਆ ਵਿਵਸਥਾ ’ਤੇ ਕੀਤੀ ਚਰਚਾ




ਪਾਕਿਸਤਾਨ ਵਲੋਂ ਅੱਤਵਾਦ ਨੂੰ ਜੰਮੂ ਡਵੀਜ਼ਨ ’ਚ ਵਧਾਉਣ ਦੇ ਮਕਸਦ ਨਾਲ ਪਿਛਲੇ ਦਿਨੀਂ ਵਧਾਈਆਂ ਗਈਆਂ ਗਤੀਵਿਧੀਆਂ ਨੂੰ ਲੈ ਕੇ ਜੰਮੂ-ਕਸ਼ਮੀਰ ਪੁਲਸ, ਪੰਜਾਬ ਪੁਲਸ ਅਤੇ ਸੀਮਾ ਸੁਰੱਖਿਆ ਬਲ ਦੇ ਅਧਿਕਾਰੀਆਂ ਨੇ ਸੁਰੱਖਿਆ ਵਿਵਸਥਾ ਨੂੰ ਲੈ ਕੇ ਚਰਚਾ ਕੀਤੀ।

ਬਾਰਡਰ ਤੋਂ ਹੋਣ ਵਾਲੀ ਘੁਸਪੈਠ ਅਤੇ ਅੱਤਵਾਦੀਆਂ ਦੀਆਂ ਵਧਦੀਆਂ ਗਤੀਵਿਧੀਆਂ ਨੂੰ ਲੈ ਕੇ ਜੰਮੂ-ਕਸ਼ਮੀਰ ਪੁਲਸ ਦੇ ਡੀ. ਜੀ. ਪੀ. ਆਰ. ਆਰ. ਸਵੈਨ, ਪੰਜਾਬ ਪੁਲਸ ਦੇ ਡੀ. ਜੀ. ਪੀ. ਗੌਰਵ ਯਾਦਵ ਅਤੇ ਬੀ. ਐੱਸ. ਐੱਫ. ਦੇ ਵੈਸਟਰਨ ਕਮਾਂਡ ਦੇ ਸਪੈਸ਼ਲ ਡੀ. ਜੀ. ਵਾਈ. ਬੀ. ਖੁਰਾਨੀਆ ਨੇ ਕਠੂਆ ’ਚ ਸੁਰੱਖਿਆ ਵਿਵਸਥਾ ਨੂੰ ਲੈ ਕੇ ਚਰਚਾ ਕੀਤੀ।

ਬਾਰਡਰ ਤੋਂ ਸੰਭਾਵੀ ਘੁਸਪੈਠ ਕਰ ਕੇ ਆਏ ਅੱਤਵਾਦੀਆਂ ਨੇ ਹੀਰਾਨਗਰ, ਊਧਮਪੁਰ, ਡੋਡਾ ਅਤੇ ਕਠੂਆ ਜ਼ਿਲੇ ਦੇ ਬਿਲਾਵਰ ’ਚ ਫੌਜ, ਪੁਲਸ ’ਤੇ ਹਮਲਾ ਕੀਤਾ ਸੀ, ਜਿਸ ’ਚ 5 ਜਵਾਨ ਸ਼ਹੀਦ ਹੋ ਗਏ ਜਦਕਿ ਕਈ ਜ਼ਖਮੀ ਹੋ ਗਏ। ਪਾਕਿਸਤਾਨ ਵਲੋਂ ਲਗਾਤਾਰ ਘੁਸਪੈਠ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜੰਮੂ-ਕਸ਼ਮੀਰ ਹੀ ਨਹੀਂ ਸਗੋਂ ਪੰਜਾਬ ਦੇ ਕਈ ਸੈਕਟਰਾਂ ’ਚ ਵੀ ਅਜਿਹੀਆਂ ਕੋਸ਼ਿਸ਼ਾਂ ਹੋਈਆਂ ਹਨ। ਬੈਠਕ ’ਚ ਅਧਿਕਾਰੀਆਂ ਨੇ ਸੰਭਾਵਨਾ ਜਤਾਈ ਕਿ ਅੱਤਵਾਦੀ ਕੌਮਾਂਤਰੀ ਬਾਰਡਰ ਤੋਂ ਭਾਰਤੀ ਇਲਾਕੇ ’ਚ ਘੁਸਪੈਠ ਕਰਨ ’ਚ ਸਫਲ ਹੋਏ ਹਨ। ਨਦੀ-ਨਾਲਿਆਂ ਰਾਹੀਂ ਇਹ ਅੱਤਵਾਦੀ ਕਠੂਆ, ਊਧਮਪੁਰ ਅਤੇ ਡੋਡਾ ਤੱਕ ਪਹੁੰਚੇ ਹਨ।

ਜ਼ਿਕਰਯੋਗ ਹੈ ਕਿ ਕਠੂਆ ਜ਼ਿਲੇ ਦੇ ਬਿਲਾਵਰ ’ਚ ਪੈਂਦੇ ਮਛੇੜੀ ਦੇ ਬਦਨੌਤਾ ’ਚ ਹੋਏ ਅੱਤਵਾਦੀ ਹਮਲੇ ਤੋਂ ਪਹਿਲਾਂ ਲੋਕਾਂ ਨੇ ਸ਼ੱਕੀ ਲੋਕਾਂ ਦੇ ਘੁੰਮਣ ਬਾਰੇ ਸਾਵਧਾਨ ਕੀਤਾ ਸੀ। 1990 ਦੇ ਦਹਾਕੇ ’ਚ ਡੋਡਾ, ਕਿਸ਼ਤਵਾੜ, ਊਧਮਪੁਰ ਅਤੇ ਬਨੀ ਜਾਣ ਵਾਲੇ ਅੱਤਵਾਦੀਆਂ ਲਈ ਹੀਰਾਨਗਰ, ਕਠੂਆ ਅਤੇ ਸਾਂਬਾ ਸੈਕਟਰ ਤੋਂ ਘੁਸਪੈਠ ਕਰਨਾ ਸੌਖਾ ਹੁੰਦਾ ਰਿਹਾ ਅਤੇ ਨਦੀ-ਨਾਲਿਆਂ ਤੋਂ ਇਹ ਘੁਸਪੈਠ ਕਰਦੇ ਰਹੇ ਹਨ। ਤਾਰਬੰਦੀ ਦੇ ਬਾਵਜੂਦ ਮੌਕਾ ਮਿਲਣ ’ਤੇ ਅੱਤਵਾਦੀ ਘੁਸਪੈਠ ਕਰਨ ’ਚ ਸਫਲ ਰਹੇ ਹਨ। ਹੁਣ ਤਿੰਨੋਂ ਦਸਤਿਆਂ ਨੇ ਇਕੱਠੇ ਬੈਠਕ ਕਰ ਕੇ ਸੁਰੱਖਿਆ ਵਿਵਸਥਾ ਖਾਸ ਤੌਰ ’ਤੇ ਬਾਰਡਰ ’ਤੇ ਸਾਵਧਾਨੀ ਨੂੰ ਲੈ ਕੇ ਚਰਚਾ ਕੀਤੀ ਹੈ।

## ਪਾਣੀ ਦਾ ਜ਼ਿਆਦਾ ਦਬਾਅ ਹੋਣ ਕਾਰਨ ਟੁੱਟੀ ਮੁਨਕ ਨਹਿਰ, ਜੇਜੇ ਕਾਲੋਨੀ ਇਲਾਕੇ ‘ਚ ਭਰਿਆ ਪਾਣੀ



ਦਿੱਲੀ ਨੂੰ ਹਰਿਆਣਾ ਤੋਂ ਪਾਣੀ ਦੇਣ ਵਾਲੀ ਬਵਾਨਾ ਮੁਨਕ ਨਹਿਰ ਵਿੱਚ ਦੇਰ ਰਾਤ ਪਾਣੀ ਦਾ ਜ਼ਿਆਦਾ ਦਬਾਅ ਹੋਣ ਕਾਰਨ ਪਾੜ ਪੈ ਗਿਆ। ਜਿਸ ਕਾਰਨ ਜੇਜੇ ਕਾਲੋਨੀ ਇਲਾਕੇ ਵਿੱਚ ਪਾਣੀ ਭਰ ਗਿਆ ਪਾਣੀ ਇੰਨਾ ਜ਼ਿਆਦਾ ਉੱਪਰ ਆ ਗਿਆ ਕਿ ਲੋਕਾਂ ਦੇ ਘਰਾਂ ਵਿੱਚ ਵੜ ਗਿਆ। ਨਹਿਰ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਰਾਤ ਭਰ ਪਾਣੀ ਦੇ ਵਿੱਚ ਰਹਿਣਾ ਪਿਆ। ਸਵੇਰੇ NDRF ਦੀ ਟੀਮ ਪਹੁੰਚੀ ਤੇ ਫਸੇ ਲੋਕਾਂ ਨੂੰ ਕਿਸ਼ਤੀ ਰਾਹੀਂ ਸੁਰੱਖਿਅਤ ਜਗ੍ਹਾ ‘ਤੇ ਪਹੁੰਚਾ ਰਹੀ ਹੈ। ਸਤਾਹਨਕ ਲੋਕਾਂ ਨੇ ਦੱਸਿਆ ਕਿ 10 ਤੋਂ 15 ਦਿਨ ਪਹਿਲਾਂ ਹੀ ਨਹਿਰ ਦੇ ਕੋਲ ਪਾਣੀ ਲੀਕ ਹੋ ਰਿਹਾ ਸੀ। ਪਿਛਲੇ ਕਈ ਦਿਨਾਂ ਤੋਂ ਮੁਨਕ ਨਹਿਰ ਵਿੱਚ ਹਰਿਆਣਾ ਵੱਲੋਂ ਜ਼ਿਆਦਾ ਪਾਣੀ ਛੱਡਿਆ ਜਾ ਰਿਹਾ ਸੀ, ਪਰ ਇਸ ‘ਤੇ ਧਿਆਨ ਨਹੀਂ ਦਿੱਤਾ ਗਿਆ। ਜਿਸ ਕਾਰਨ ਇਹ ਨੌਬਤ ਆ ਗਈ। ਦੱਸਿਆ ਜਾ ਰਿਹਾ ਹੈ ਕਿ ਲੋਕਾਂ ਨੂੰ ਕੱਢਣ ਲਈ ਨਹਿਰ ਦੇ ਟੁੱਟੇ ਹੋਏ ਹਿੱਸੇ ਦੀ ਮੁਰੰਮਤ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਪਾਣੀ ਭਰਨ ਕਾਰਨ ਇੱਥੋਂ ਦੀ ਬਿਜਲੀ ਕੱਟ ਦਿੱਤੀ ਗਈ ਹੈ।ਸਥਾਨਕ ਲੋਕਾਂ ਨੇ ਦੱਸਿਆ ਕਿ ਜੇ, ਕੇ, ਐੱਲ ਤੇ ਐੱਮ ਬਲਾਕ ਵੱਲੋਂ ਨਹਿਰ ਟੁੱਟ ਗਈ ਹੈ। ਸ਼ੁਰੂਆਤ ਵਿੱਚ ਚਾਰ ਬਲਾਕਾਂ ਵਿੱਚ ਪਾਣੀ ਭਰ ਰਿਹਾ ਸੀ। ਤਿੰਨ ਫੁੱਟ ਤੱਕ ਪਾਣੀ ਪਹੁੰਚ ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਪਾਣੀ ਭਰਨ ਕਾਰਨ ਕਾਲੋਨੀ ਦਾ ਮੁੱਖ ਰਸਤਾ ਵੀ ਬੰਦ ਹੋ ਗਿਆ ਹੈ। ਰਾਤ ਦੇ 12 ਵਜੇ ਦੇ ਕਰੀਬ ਘਰਾਂ ਵਿੱਚ ਪਾਣੀ ਆਉਣਾ ਸ਼ੁਰੂ ਹੋਇਆ ਸੀ ਤੇ ਹੌਲੀ-ਹੌਲੀ ਪਾਣੀ ਦਾ ਪੱਧਰ ਵੱਧਦਾ ਗਿਆ। ਸਵੇਰੇ ਕਰੀਬ 3 ਵਜੇ NDRF ਦੀ ਟੀਮ ਪਹੁੰਚੀ। ਉਦੋਂ ਤੋਂ ਜਿਨ੍ਹਾਂ ਲੋਕਾਂ ਦੇ ਘ੍ਰਿਣਾ ਵਿੱਚ ਪਾਣੀ ਭਰਿਆ ਹੈ, ਉਸਨੂੰ ਕੱਢਣ ਦਾ ਕੰਮ ਚੱਲ ਰਿਹਾ ਹੈ। ਪਾਣੀ ਭਰਨ ਦੀ ਵਜ੍ਹਾ ਨਾਲ ਕੋਈ ਵੀ ਆਪਣੇ ਦਫਤਰ ਨਹੀਂ ਜਾ ਸਕਿਆ।

## Anant Radhika Wedding 'ਚ ਇਸ ਕਰਕੇ ਸ਼ਾਮਲ ਨਹੀਂ ਹੋਵੇਗਾ ਗਾਂਧੀ ਪਰਿਵਾਰ



ਅੰਬਾਨੀ ਪਰਿਵਾਰ 'ਚ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ ਦੇ ਜਸ਼ਨ ਸ਼ੁਰੂ ਹੋ ਗਏ ਹਨ। ਇਸ ਦੌਰਾਨ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ ਵੀਰਵਾਰ ਨੂੰ ਦਿੱਲੀ ਪਹੁੰਚੇ। ਇੱਥੇ ਉਹ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਰਿਹਾਇਸ਼ 'ਤੇ ਪਹੁੰਚੇ ਅਤੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਕੁਝ ਸਮੇਂ ਬਾਅਦ ਅੰਬਾਨੀ ਨੇ 10 ਜਨਪਥ ਸਥਿਤ ਆਪਣੀ ਰਿਹਾਇਸ਼ ਛੱਡ ਦਿੱਤੀ। ਮੰਨਿਆ ਜਾ ਰਿਹਾ ਹੈ ਕਿ ਮੁਕੇਸ਼ ਅੰਬਾਨੀ ਆਪਣੇ ਬੇਟੇ ਦੇ ਵਿਆਹ ਦਾ ਕਾਰਡ ਦੇਣ ਲਈ ਰਾਹੁਲ ਗਾਂਧੀ ਦੇ ਘਰ ਪਹੁੰਚੇ ਸਨ।ਤੁਹਾਨੂੰ ਦੱਸ ਦੇਈਏ ਕਿ 12 ਜੁਲਾਈ ਨੂੰ ਯਾਨੀ ਅੱਜ ਮੁਕੇਸ਼ ਅੰਬਾਨੀ ਦੇ ਛੋਟੇ ਬੇਟੇ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦਾ ਵਿਆਹ ਹੋਣ ਜਾ ਰਿਹਾ ਹੈ। ਮੁਕੇਸ਼ ਅੰਬਾਨੀ ਦੇ ਮੁੰਬਈ ਸਥਿਤ ਘਰ ਐਂਟੀਲੀਆ 'ਚ ਬੁੱਧਵਾਰ ਤੋਂ ਵਿਆਹ ਦੀਆਂ ਰਸਮਾਂ ਸ਼ੁਰੂ ਹੋ ਗਈਆਂ ਹਨ। ਦੇਸ਼-ਵਿਦੇਸ਼ ਤੋਂ ਵੀ ਮਹਿਮਾਨ ਸ਼ਾਮਲ ਹੋ ਰਹੇ ਹਨ। ਉਮੀਦ ਕੀਤੀ ਜਾ ਰਹੀ ਹੈ ਕਿ ਇਸ ਦੇ ਮੱਦੇਨਜ਼ਰ ਮੁਕੇਸ਼ ਅੰਬਾਨੀ ਰਾਹੁਲ ਗਾਂਧੀ ਨੂੰ ਵਿਆਹ ਦਾ ਕਾਰਡ ਦੇਣ ਲਈ ਉਨ੍ਹਾਂ ਦੇ ਘਰ ਪਹੁੰਚੇ ਸਨ।ਮੁਕੇਸ਼ ਅੰਬਾਨੀ ਨੇ ਗਾਂਧੀ ਪਰਿਵਾਰ ਨੂੰ ਵੀ ਵਿਆਹ ਲਈ ਸੱਦਾ ਦਿੱਤਾ ਸੀ। ਹਾਲਾਂਕਿ ਮੁੰਬਈ 'ਚ ਹੋ ਰਹੇ ਇਸ ਵਿਆਹ 'ਚ ਰਾਹੁਲ ਗਾਂਧੀ, ਸੋਨੀਆ ਗਾਂਧੀ ਜਾਂ ਪ੍ਰਿਅੰਕਾ ਗਾਂਧੀ 'ਚੋਂ ਕੋਈ ਵੀ ਸ਼ਾਮਲ ਨਹੀਂ ਹੋਇਆ ਹੈ।

ਅਨੰਤ-ਰਾਧਿਕਾ ਦੇ ਵਿਆਹ 'ਚ ਕਿਉਂ ਨਹੀਂ ਜਾ ਰਹੇ ਰਾਹੁਲ?

ਦਰਅਸਲ, ਐਨ.ਸੀ.ਪੀ. (ਸ਼ਰਦ ਧੜੇ) ਦੇ ਮੁਖੀ ਸ਼ਰਦ ਪਵਾਰ ਨੇ ਰਾਹੁਲ ਗਾਂਧੀ ਨੂੰ ਪੰਢਰਪੁਰ ਆਉਣ ਦਾ ਸੱਦਾ ਦਿੱਤਾ ਹੈ। ਪੰਢਰਪੁਰ ਯਾਤਰਾ ਨਾਲ ਮਰਾਠੀ ਲੋਕਾਂ ਦੀ ਭਾਵਨਾ ਅਤੇ ਸ਼ਰਧਾ ਜੁੜੀ ਹੋਈ ਹੈ। ਕਾਂਗਰਸ ਨੇਤਾਵਾਂ ਨੇ ਰਾਹੁਲ ਨੂੰ ਪੰਢਰਪੁਰ ਯਾਤਰਾ 'ਚ ਹਿੱਸਾ ਲੈਣ ਦੀ ਵੀ ਸਲਾਹ ਦਿੱਤੀ ਹੈ, ਕਿਉਂਕਿ ਇਸ ਨਾਲ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਉਨ੍ਹਾਂ ਨੂੰ ਤਾਕਤ ਮਿਲੇਗੀ। ਰਾਹੁਲ ਨੇ ਸ਼ਰਦ ਪਵਾਰ ਦਾ ਸੱਦਾ ਸਵੀਕਾਰ ਕਰ ਲਿਆ ਹੈ ਅਤੇ ਉਹ 14 ਜੁਲਾਈ ਨੂੰ ਮਹਾਰਾਸ਼ਟਰ ਦਾ ਦੌਰਾ ਕਰਨਗੇ।

# ਕਿਸਾਨ ਖੇਤਾਂ ’ਚ ਆਪਣੀਆਂ ਮੋਟਰਾਂ ਨੇੜੇ 4-4 ਬੂਟੇ ਲਾਉਣ



ਮੁੱਖ ਮੰਤਰੀ ਭਗਵੰਤ ਮਾਨ ਨੇ ਹਰਿਆਵਲ ਅਧੀਨ ਰਕਬਾ ਵਧਾਉਣ ਲਈ ਸਮੂਹ ਕਿਸਾਨਾਂ ਨੂੰ ਆਪਣੀਆਂ ਖੇਤਾਂ ਵਾਲੀਆਂ ਮੋਟਰਾਂ (ਟਿਊਬਵੈੱਲਾਂ) ਦੇ ਆਲੇ-ਦੁਆਲੇ ਘੱਟੋ-ਘੱਟ ਚਾਰ ਬੂਟੇ ਲਾਉਣ ਦੀ ਅਪੀਲ ਕੀਤੀ ਹੈ। ਸੂਬੇ ’ਚ ਬੂਟੇ ਲਾਉਣ ਦੀ ਮੁਹਿੰਮ ਦਾ ਜਾਇਜ਼ਾ ਲੈਣ ਲਈ ਆਪਣੇ ਦਫ਼ਤਰ ਵਿਖੇ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਸੂਬੇ ’ਚ ਜੰਗਲਾਤ ਅਧੀਨ ਰਕਬਾ ਵਧਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸੂਬੇ ’ਚ ਤਕਰੀਬਨ 3 ਕਰੋੜ ਬੂਟੇ ਲਾਉਣ ਦਾ ਟੀਚਾ ਮਿਥਿਆ ਗਿਆ ਹੈ, ਜਿਸ ਲਈ ਆਉਂਦੇ ਦਿਨਾਂ ’ਚ ਵਿਆਪਕ ਮੁਹਿੰਮ ਸ਼ੁਰੂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਕਿਸਾਨ ਇਸ ਮੁਹਿੰਮ ਨੂੰ ਲੋਕ ਲਹਿਰ ’ਚ ਬਦਲਣ ਲਈ ਸਰਗਰਮ ਭੂਮਿਕਾ ਨਿਭਾਅ ਸਕਦੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ’ਚ ਆਤਮ-ਨਿਰਭਰ ਬਣਾਇਆ ਹੈ, ਉਸੇ ਤਰ੍ਹਾਂ ਉਹ ਸੂਬੇ ’ਚ ਹਰਿਆਵਲ ਅਧੀਨ ਰਕਬਾ ਵਧਾਉਣ ’ਚ ਵੀ ਵੱਡੀ ਭੂਮਿਕਾ ਨਿਭਾਅ ਸਕਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਕੁੱਲ 1.2 ਕਰੋੜ ਬੂਟੇ ਲਾਏ ਗਏ ਸਨ ਤੇ ਇਸ ਸਾਲ ਇਹ ਟੀਚਾ ਵਧਾ ਕੇ 3 ਕਰੋੜ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਬੂਟੇ ਲਾਉਣ ਦੀ ਇਸ ਮੁਹਿੰਮ ’ਚ ਸਰਗਰਮ ਭੂਮਿਕਾ ਨਿਭਾਉਣ ਲਈ ਕਿਹਾ ਤਾਂ ਜੋ ਸੂਬੇ ਭਰ ’ਚ ਜੰਗਲਾਤ ਅਧੀਨ ਖੇਤਰ ਨੂੰ ਵਧਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਸਾਰੇ ਡਿਪਟੀ ਕਮਿਸ਼ਨਰ ਜ਼ਿਲਿਆਂ ਦਾ ਨਿੱਜੀ ਤੌਰ ’ਤੇ ਦੌਰਾ ਕਰ ਕੇ ਬੂਟੇ ਲਾਉਣ ਦੀ ਇਸ ਮੁਹਿੰਮ ਦੀ ਜ਼ਮੀਨੀ ਪੱਧਰ ’ਤੇ ਨਿਗਰਾਨੀ ਕਰਨ। ਉਨ੍ਹਾਂ ਕਿਹਾ ਕਿ ਸੂਬੇ ’ਚ 14.01 ਲੱਖ ਮੋਟਰਾਂ ਹਨ ਤੇ ਜੇ ਹਰ ਕਿਸਾਨ 4 ਬੂਟੇ ਲਾਵੇ ਤਾਂ ਜੰਗਲਾਤ ਅਧੀਨ ਰਕਬੇ ਵਿਚ ਚੋਖਾ ਵਾਧਾ ਹੋ ਜਾਵੇਗਾ। ਸਰਕਾਰ ਇਸ ਯੋਜਨਾ ਤਹਿਤ ਪਹਿਲਾਂ ਹੀ 3.95 ਲੱਖ ਮੋਟਰਾਂ ਨੂੰ ਕਵਰ ਕਰ ਚੁੱਕੀ ਹੈ, ਬਾਕੀ ਇਸ ਸਾਲ ਕਵਰ ਕਰ ਲਈਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਗੁਰੂਆਂ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਭੂਮੀ (ਧਰਤੀ) ਨੂੰ ਮਾਤਾ ਦਾ ਦਰਜਾ ਦਿੱਤਾ ਹੈ। ਹੁਣ ਸਮਾਂ ਆ ਗਿਆ ਹੈ, ਜਦੋਂ ਸਾਨੂੰ ਸੂਬੇ ਦੇ ਵਾਤਾਵਰਨ ਨੂੰ ਬਚਾਉਣ ਦਾ ਸੰਕਲਪ ਲੈਂਦੇ ਹੋਏ ਪੰਜਾਬ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚ ਅਪਨਾਉਣਾ ਚਾਹੀਦਾ ਹੈ। ਪੰਜਾਬ ਸਰਕਾਰ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ ਅਤੇ ਸੂਬੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾ ਕੇ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ।

# ਅੰਮ੍ਰਿਤਸਰ ਨਹੀਂ ਗਈ ਸ਼ਤਾਬਦੀ, 'ਜਨ ਸੇਵਾ' ਸਣੇ ਕਈ ਟਰੇਨਾਂ ਨੇ ਕਰਵਾਈ ਲੰਮੀ ਉਡੀਕ



ਰੇਲ ਗੱਡੀਆਂ ਦੇਰੀ ਨਾਲ ਚੱਲਣ ਕਾਰਨ ਯਾਤਰੀਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਰਤਾਰਪੁਰ ਵਿਖੇ ਚੱਲ ਰਹੇ ਇੰਟਰਲਾਕਿੰਗ ਦੇ ਕੰਮ ਸਬੰਧੀ ਮਹੱਤਵਪੂਰਨ ਰੇਲਾਂ ਦਾ ਸੰਚਾਲਨ ਪ੍ਰਭਾਵਿਤ ਹੋਇਆ ਹੈ। ਇਸੇ ਸਿਲਸਿਲੇ ’ਚ ਪੰਜਾਬ ਦੀ ਸੁਪਰਫਾਸਟ ਸ਼ਤਾਬਦੀ ਐਕਸਪ੍ਰੈੱਸ 12031 ਕਰੀਬ ਅੱਧਾ ਘੰਟਾ ਦੇਰੀ ਨਾਲ ਜਲੰਧਰ ਸਿਟੀ ਸਟੇਸ਼ਨ ਪਹੁੰਚੀ। ਉਕਤ ਰੇਲ ਗੱਡੀ ਨੂੰ ਅੰਮ੍ਰਿਤਸਰ ਨਹੀਂ ਭੇਜਿਆ ਗਿਆ ਤੇ ਜਲੰਧਰ ਤੋਂ ਹੀ ਸ਼ਾਰਟ ਟਰਮੀਨੇਟ ਕਰਨਾ ਪਿਆ, ਜਦੋਂਕਿ ਸ਼ਾਨ-ਏ-ਪੰਜਾਬ ਸ਼ੁੱਕਰਵਾਰ ਨੂੰ ਜਲੰਧਰ ਨਹੀਂ ਆਵੇਗੀ।

ਇਸੇ ਤਰ੍ਹਾਂ ਚੰਡੀਗੜ੍ਹ-ਅੰਮ੍ਰਿਤਸਰ ਵਿਚਕਾਰ ਚੱਲਣ ਵਾਲੀ 12411-12412, ਜਲੰਧਰ ਤੋਂ ਅੰਮ੍ਰਿਤਸਰ ਚੱਲਣ ਵਾਲੀ 09771-09772, ਲੁਧਿਆਣਾ ਤੋਂ ਛੇਹਰਟਾ ਚੱਲਣ ਵਾਲੀ 04591-04592, ਅੰਮ੍ਰਿਤਸਰ ਤੋਂ ਨੰਗਲ ਡੈਮ ਤੱਕ ਚੱਲਣ ਵਾਲੀ 14505-14506 ਦਾ ਸੰਚਾਲਨ ਅੱਜ ਰੱਦ ਰਿਹਾ ਤੇ 12 ਜੁਲਾਈ ਨੂੰ ਵੀ ਰੱਦ ਰਹੇਗਾ। ਅਗਲੇ ਸ਼ਡਿਊਲ ਬਾਰੇ ਅਜੇ ਕੋਈ ਹੋਰ ਅਪਡੇਟ ਨਹੀਂ ਕੀਤਾ ਗਿਆ ਹੈ। ਦਿੱਲੀ ਤੋਂ ਅੰਮ੍ਰਿਤਸਰ ਜਾਣ ਵਾਲੀ ਸ਼ਾਨ-ਏ-ਪੰਜਾਬ 12497 ਨੂੰ 12 ਜੁਲਾਈ ਤੱਕ ਲੁਧਿਆਣਾ ਵਿਖੇ ਸ਼ਾਰਟ ਟਰਮੀਨੇਟ ਕੀਤਾ ਜਾ ਰਿਹਾ ਹੈ, ਉਥੇ ਹੀ ਸ਼ਾਟ ਓਰੀਜਨੇਸ਼ਨ ਵਾਲੀਆਂ ਟਰੇਨਾਂ ’ਚੋਂ ਅੰਮ੍ਰਿਤਸਰ ਤੋਂ ਨਵੀਂ ਦਿੱਲੀ ਜਾਣ ਵਾਲੀ 12030 ਤੇ 12032 ਨੂੰ 12 ਜੁਲਾਈ ਨੂੰ ਜਲੰਧਰ ਸਿਟੀ ਸਟੇਸ਼ਨ ਤੋਂ ਚਲਾਇਆ ਜਾਵੇਗਾ। ਇਸ ਤਰ੍ਹਾਂ 19614 ਨੂੰ ਲੁਧਿਆਣਾ ਤੋਂ ਚਲਾਇਆ ਜਾ ਰਿਹਾ ਹੈ। ਸ਼ਾਨ-ਏ-ਪੰਜਾਬ 12498 ਨੂੰ ਲੁਧਿਆਣਾ ਤੋਂ ਆਰਿਜਨੇਸ਼ਨ ਕੀਤਾ ਜਾਵੇਗਾ।

ਦੇਰੀ ਨਾਲ ਸਰਯੂ-ਯਮੁਨਾ ਐਕਸਪ੍ਰੈੱਸ 14649 ਕੈਂਟ ਸਟੇਸ਼ਨ ’ਤੇ 3.09 ਤੋਂ 4.36 ਘੰਟੇ ਦੀ ਦੇਰੀ ਨਾਲ ਸ਼ਾਮ 7.45 ਵਜੇ, ਅਕਾਲ ਤਖ਼ਤ 12317 3.40 ਤੋਂ 2.20 ਘੰਟੇ ਦੀ ਦੇਰੀ ਨਾਲ ਸ਼ਾਮ 6 ਵਜੇ ਜਲੰਧਰ ਪਹੁੰਚੀ। ਪੂਰਨੀਆ ਕੋਟ ਤੋਂ ਅੰਮ੍ਰਿਤਸਰ ਜਾਣ ਵਾਲੀ ਜਨਸੇਵਾ ਐਕਸਪ੍ਰੈੱਸ 14617 3.50 ਘੰਟੇ ਦੀ ਦੇਰੀ ਨਾਲ ਸ਼ਾਮ 6.30 ਵਜੇ ਜਲੰਧਰ ਸਿਟੀ ਸਟੇਸ਼ਨ ਪਹੁੰਚੀ, ਅਮਰਪਾਲੀ 15707 ਕਰੀਬ 10.30 ਦੀ ਦੇਰੀ ਨਾਲ ਸ਼ਾਮ 8.11 ਵਜੇ ਜਲੰਧਰ ਸਿਟੀ ਸਟੇਸ਼ਨ ਪਹੁੰਚੀ। ਵੈਸ਼ਨੋ ਦੇਵੀ ਕਟੜਾ ਸਮਰ ਸਪੈਸ਼ਲ 04075 ਢਾਈ ਘੰਟੇ ਦੀ ਦੇਰੀ ਨਾਲ ਪੁੱਜੀ। ਜੰਮੂ ਤਵੀ ਗਾਂਧੀ ਨਗਰ ਰਾਜਧਾਨੀ 19224 ਆਪਣੇ ਨਿਰਧਾਰਤ ਸਮੇਂ ਤੋਂ 1 ਘੰਟੇ ਦੀ ਦੇਰੀ ਨਾਲ ਜਲੰਧਰ ਪਹੁੰਚੀ।

ਕਰਤਾਰਪੁਰ ਦੇ ਯਾਤਰੀ ਜਲੰਧਰ ਹੋਏ ਸ਼ਿਫਟ ਵਧੀ ਭੀੜ

ਉੱਥੇ ਹੀ ਕਰਤਾਰਪੁਰ ਤੋਂ ਯਾਤਰੀ ਜਲੰਧਰ ਵੱਲ ਸ਼ਿਫਟ ਹੋ ਗਏ ਹਨ, ਜਿਸ ਕਾਰਨ ਸਟੇਸ਼ਨ ’ਤੇ ਰੁਟੀਨ ਦੇ ਮੁਕਾਬਲੇ ਭੀੜ ਵਧ ਗਈ ਹੈ। ਇਸ ਦੇ ਨਾਲ ਹੀ ਦੇਖਿਆ ਜਾ ਰਿਹਾ ਹੈ ਕਿ ਸ਼ਤਾਬਦੀ ਅੰਮ੍ਰਿਤਸਰ ਨਾ ਜਾਣ ਕਾਰਨ ਯਾਤਰੀਆਂ ਨੂੰ ਜਲੰਧਰ ਆ ਕੇ ਟਰੇਨ ਫੜਨੀ ਪੈ ਰਹੀ ਹੈ। ਇਸ ਸਿਲਸਿਲੇ ’ਚ ਕਈ ਯਾਤਰੀ ਪ੍ਰੇਸ਼ਾਨ ਹੁੰਦੇ ਦੇਖੇ ਗਏ। ਔਰਤ ਸਰੋਜ ਗੁਪਤਾ ਨੇ ਦੱਸਿਆ ਕਿ ਉਹ ਅੰਮ੍ਰਿਤਸਰ ਤੋਂ ਬੱਸ ਰਾਹੀਂ ਜਲੰਧਰ ਆਈ ਸੀ ਤਾਂ ਜੋ ਸ਼ਤਾਬਦੀ ’ਚ ਦਿੱਲੀ ਲਈ ਰਵਾਨਾ ਹੋ ਸਕੇ।

# ਸਕੂਲ ਵੈਨ 'ਚ ਪਿਸਤੌਲ ਨਾਲ ਬੱਚਿਆਂ ਨੂੰ ਡਰਾਉਣ ਵਾਲੀ ਔਰਤ 'ਤੇ FIR ਦਰਜ



ਬੀਤੇ ਦਿਨ ਸਮਰਾਲਾ ਦੀ ਸਕੂਲ ਵੈਨ ’ਚ ਪਿਸਤੌਲ ਨਾਲ ਦਹਿਸ਼ਤ ਫੈਲਾਉਣ ਵਾਲੀ ਔਰਤ ਖ਼ਿਲਾਫ਼ ਪੁਲਸ ਨੇ ਮਾਮਲਾ ਦਰਜ ਕਰ ਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਡੀ. ਐੱਸ. ਪੀ. ਸਮਰਾਲਾ ਤਰਲੋਚਨ ਸਿੰਘ ਨੇ ਦੱਸਿਆ ਕਿ ਗਾਰਡਨ ਵੈਲੀ ਸਕੂਲ ਦੀ ਪ੍ਰਿੰਸੀਪਲ ਸਵਾਤੀ ਘਈ ਤੇ ਪਰਮਿੰਦਰ ਕੌਰ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ ’ਤੇ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਾਂਚ ਤੋਂ ਬਾਅਦ ਇਹ ਸਾਹਮਣੇ ਆਇਆ ਕਿ ਸਕੂਲ ਵੈਨ ’ਚ ਚੜ੍ਹਨ ਵਾਲੀ ਔਰਤ ਫਾਰਚੀਊਨਰ ਗੱਡੀ ’ਚ ਸਵਾਰ ਸੀ। ਥਾਣਾ ਮੁਖੀ ਡੀ. ਪੀ. ਸਿੰਘ ਦੀ ਅਗਵਾਈ ’ਚ ਪੁਲਸ ਪਾਰਟੀਆਂ ਵੱਲੋਂ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਕਿਸੇ ਵੀ ਅਨਸਰ ਨੂੰ ਅਮਨ ਕਾਨੂੰਨ ਦੀ ਸਥਿਤੀ ਵਿਗਾੜਨ ’ਤੇ ਮੁਆਫ਼ ਨਹੀਂ ਕੀਤਾ ਜਾਵੇਗਾ।ਇਲਾਕੇ ’ਚ ਦਹਿਸ਼ਤ ਦਾ ਮਾਹੌਲ ਬਣਾਉਣ ਵਾਲੀ ਫਾਰਚੀਊਨਰ ਚਾਲਕ ਪਿਸਤੌਲ ਵਾਲੀ ਔਰਤ ਨੂੰ ਸਮਰਾਲਾ ਪੁਲਸ ਵੱਲੋਂ ਆਖ਼ਰਕਾਰ ਟਰੇਸ ਕਰ ਲਏ ਜਾਣ ਦਾ ਪਤਾ ਲੱਗਿਆ ਹੈ। ਭਾਵੇਂ ਕਿ ਕਿਸੇ ਵੀ ਪੁਲਸ ਅਧਿਕਾਰੀ ਵੱਲੋਂ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਗਈ ਪਰ ਸੂਤਰਾਂ ਅਨੁਸਾਰ ਇਹ ਔਰਤ ਆਸਟ੍ਰੇਲੀਆ ਦੀ ਪੀ. ਆਰ. ਦੱਸੀ ਜਾ ਰਹੀ ਹੈ, ਜੋ ਲੁਧਿਆਣਾ ’ਚ ਆਪਣੇ ਘਰ ਛੁੱਟੀ ਕੱਟਣ ਆਈ ਹੋਈ ਹੈ। ਪੁਲਸ ਵੱਲੋਂ ਛਾਪੇਮਾਰੀ ਕਰਦਿਆਂ ਉਸ ਨੂੰ ਤੇਜ਼ੀ ਨਾਲ ਤਲਾਸ਼ਿਆ ਜਾ ਰਿਹਾ ਹੈ।ਸਕੂਲ ਵੈਨ ਬੀਤੀ ਸਵੇਰ ਦੇ ਸਮੇਂ ਬੱਚਿਆਂ ਨੂੰ ਸਕੂਲ ਲਿਆ ਰਹੀ ਸੀ। ਇਹ ਵੈਨ ਜਦੋਂ ਸਮਰਾਲਾ ਬਾਈਪਾਸ ਸਕੂਲ ਨੇੜੇ ਪੁੱਜਣ ਵਾਲੀ ਸੀ ਤਾਂ ਇਕ ਫਾਰਚੀਊਨਰ ਗੱਡੀ ਵੈਨ ਮੂਹਰੇ ਆ ਕੇ ਖੜ੍ਹੀ ਹੋ ਗਈ ਅਤੇ ਵੈਨ ਨੂੰ ਰੋਕ ਲਿਆ। ਗੱਡੀ 'ਚੋਂ ਇਕ ਔਰਤ ਉਤਰੀ, ਜਿਸ ਦੇ ਹੱਥ 'ਚ ਪਿਸਤੌਲ ਸੀ। ਉਹ ਸਕੂਲ ਵੈਨ ਅੰਦਰ ਵੜੀ ਅਤੇ ਬੱਚਿਆਂ ਨੂੰ ਪਿਸਤੌਲ ਨਾਲ ਡਰਾਉਂਦੇ ਹੋਏ ਕਹਿਣ ਲੱਗੀ ਕਿ ਜਿਹੜੀ ਵੀਡੀਓ ਤੁਸੀਂ ਬਣਾ ਰਹੇ ਹੋ, ਉਸ ਨੂੰ ਤੁਰੰਤ ਡਿਲੀਟ ਕਰੋ। ਇਸ ਦੌਰਾਨ ਵੈਨ ਅੰਦਰ ਬੈਠੇ ਬੱਚੇ ਬੁਰੀ ਤਰ੍ਹਾਂ ਸਹਿਮ ਗਏ।

# ਮੋਗਾ ‘ਚ ਵੱਡੀ ਵਾਰਦਾਤ, ਸੈਲੂਨ ਬੰਦ ਕਰਕੇ ਘਰ ਜਾ ਰਹੇ ਨੌਜਵਾਨ ਦਾ ਕੀਤਾ ਬੇਰਹਿਮੀ ਨਾਲ ਕਤਲ



ਮੋਗਾ ਦੇ ਬੇਰੀਆ ‘ਚ ਦੇਰ ਰਾਤ ਇੱਕ ਨੌਜਵਾਨ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਨੌਜਵਾਨ ਜਦੋਂ ਸੈਲੂਨ ਦੀ ਦੁਕਾਨ ਬੰਦ ਕਰਕੇ ਆਪਣੇ ਘਰ ਜਾ ਰਿਹਾ ਸੀ ਤਾਂ ਉਸ ‘ਤੇ ਕੁਝ ਵਿਅਕਤੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਨੂੰ ਇਕ ਨਿੱਜੀ ਹਸਪਤਾਲ ‘ਚ ਦਾਖਲ ਕਰਵਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ 21 ਸਾਲਾ ਹਰਵਿੰਦਰ ਵਜੋਂ ਹੋਈ ਹੈ। ਮਾਮਲੇ ‘ਚ ਪੁਲਿਸ ਨੇ ਕੁਝ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ‘ਚ ਲਿਆ ਹੈ।

ਮ੍ਰਿਤਕ ਨੌਜਵਾਨ ਹਰਵਿੰਦਰ ਸਿੰਘ ਦੇ ਪਿਤਾ ਸੁਰਜੀਤ ਸਿੰਘ ਅਤੇ ਮਾਤਾ ਆਸ਼ਾ ਰਾਣੀ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਮਨੀ ਪਲੇ ਨੇ ਦੱਸਿਆ ਕਿ ਹਰਵਿੰਦਰ ਸਿੰਘ ਆਪਣੀ ਸੈਲੂਨ ਦੀ ਦੁਕਾਨ ਬੰਦ ਕਰਕੇ ਘਰ ਪਰਤ ਰਿਹਾ ਸੀ ਤਾਂ ਰਸਤੇ ਵਿੱਚ ਕੁਝ ਵਿਅਕਤੀਆਂ ਨੇ ਉਸ ’ਤੇ ਹਮਲਾ ਕਰ ਦਿੱਤਾ ਜਿਸ ਕਾਰਨ ਉਹ ਆਪਣੀ ਜਾਨ ਬਚਾਉਣ ਲਈ ਭੱਜ ਗਿਆ। ਇਸ ਤੋਂ ਬਾਅਦ ਹਮਲਾਵਰਾਂ ਨੇ ਉਸ ‘ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਅਤੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ, ਜਿਸ ਤੋਂ ਬਾਅਦ ਉਸ ਦੀ ਮੌਤ ਹੋਈ ਹੈ।

# ਹੈਲਥ ਇੰਸ਼ੋਰੈਂਸ ਲਈ ਬਜਟ ’ਚ ਮਿਲ ਸਕਦੀ ਹੈ ਜ਼ਿਆਦਾ ਟੈਕਸ ਛੋਟ



ਮਾਹਿਰਾਂ ਨੇ ਬਜਟ ਤੋਂ ਪਹਿਲਾਂ ਸਿਹਤ ਬੀਮਾ (ਹੈਲਥ ਇੰਸ਼ੋਰੈਂਸ) ਪ੍ਰੀਮੀਅਮ ’ਤੇ ਟੈਕਸ ਛੋਟ ਸੀਮਾ ਵਧਾਉਣ ਅਤੇ ਨਵੀਂ ਟੈਕਸ ਵਿਵਸਥਾ ’ਚ ਵੀ ਇਸ ਦਾ ਲਾਭ ਦੇਣ ਦਾ ਸੁਝਾਅ ਦਿੱਤਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ 23 ਜੁਲਾਈ ਨੂੰ 2024-25 ਦਾ ਬਜਟ ਪੇਸ਼ ਕਰੇਗੀ। ਇਹ ਨਰਿੰਦਰ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦਾ ਪਹਿਲਾ ਮੁੱਖ ਨੀਤੀਗਤ ਦਸਤਾਵੇਜ਼ ਹੋਵੇਗਾ।

ਬੀਮਾ ਕੰਪਨੀ ਫਿਊਚਰ ਜਨਰਲੀ ਇੰਡੀਆ ਇੰਸ਼ੋਰੈਂਸ ਦੇ ਪ੍ਰਬੰਧ ਨਿਰਦੇਸ਼ਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਅਨੂਪ ਰਾਊ ਨੇ ਕਿਹਾ ਕਿ ਦੇਸ਼ ਭਰ ’ਚ ਸਿਹਤ ਦੇਖਭਾਲ ਦੀ ਲਾਗਤ ’ਚ ਜ਼ਿਕਰਯੋਗ ਵਾਧੇ ਦੇ ਬਾਵਜੂਦ ਆਮਦਨ ਕਰ ਐਕਟ ਦੀ ਧਾਰਾ 80ਡੀ ਤਹਿਤ ਸਿਹਤ ਬੀਮਾ ਪ੍ਰੀਮੀਅਮ ’ਤੇ ਕਟੌਤੀ ਦੀ ਸੀਮਾ ਪਿਛਲੇ 9 ਸਾਲ ਤੋਂ ਬਿਨਾਂ ਤਬਦੀਲੀ ਬਣੀ ਹੋਈ ਹੈ।

ਮਹਿੰਗਾਈ ਨਾਲ ਜੁੜੀ ਹੋਵੇ ਹੈਲਥ ਇੰਸ਼ੋਰੈਂਸ ਦੀ ਲਿਮਿਟ

ਉਨ੍ਹਾਂ ਕਿਹਾ,‘‘ਇਹ ਸਭ ਤੋਂ ਚੰਗਾ ਹੋਵੇਗਾ ਜੇਕਰ ਮੈਡੀਕਲ ਬੀਮੇ ਦੀ ਸੀਮਾ ਮਹਿੰਗਾਈ ਨਾਲ ਜੁੜੀ ਹੋਵੇ ਅਤੇ ਹਰੇਕ ਇਕ-ਦੋ ਸਾਲ ’ਚ ਆਪਣੇ ਆਪ ਇਸ ’ਚ ਸੋਧ ਹੋਵੇ। ਨਾਲ ਹੀ, ਨਵੀਂ ਟੈਕਸ ਵਿਵਸਥਾ ’ਚ ਵੀ ਸਿਹਤ ਬੀਮੇ ਦਾ ਲਾਭ ਵਧਾਉਣ ਦੀ ਲੋੜ ਹੈ ਕਿਉਂਕਿ ਇਸ ਦੀ ਪਹੁੰਚ ਵਧਾਉਣਾ ਮਹੱਤਵਪੂਰਨ ਹੈ। ਇਸ ਲਈ, ਸਾਨੂੰ ਉਮੀਦ ਹੈ ਕਿ ਅਗਲੇ ਬਜਟ ’ਚ ਸਿਹਤ ਬੀਮਾ ਪ੍ਰੀਮੀਅਮ ’ਤੇ ਛੋਟ ਸੀਮਾ ’ਚ ਕੁੱਝ ਵਾਧੇ ਦਾ ਐਲਾਨ ਕੀਤਾ ਜਾਵੇਗਾ।’’

ਬਜਾਜ ਆਲਿਆਂਜ਼ ਜਨਰਲ ਇੰਸ਼ੋਰੈਂਸ ਦੇ ਪ੍ਰਬੰਧ ਨਿਰਦੇਸ਼ਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਤਪਨ ਸਿੰਘਲ ਨੇ ਕਿਹਾ ਕਿ ਕਰਮਚਾਰੀਆਂ ਨੂੰ ਘੱਟ ਦਰਾਂ ’ਤੇ ਸਿਹਤ ਬੀਮੇ ਦੀ ਪੇਸ਼ਕਸ਼, ਸਿਹਤ ਬੀਮਾ ਪ੍ਰੀਮੀਅਮ ’ਤੇ ਜੀ. ਐੱਸ. ਟੀ. ’ਚ ਕਮੀ ਅਤੇ 80ਡੀ ਤਹਿਤ ਛੋਟ ਸੀਮਾ ’ਚ ਵਾਧੇ ਵਰਗੇ ਟੈਕਸ ਲਾਭ ਵਰਗੇ ਸੁਧਾਰ ਸਿਹਤ ਬੀਮੇ ਨੂੰ ਜ਼ਿਆਦਾ ਕਿਫਾਇਤੀ ਅਤੇ ਆਸਾਨ ਬਣਾਉਣਗੇ।

5 ਲੱਖ ਤੱਕ ਦੀ ਲਿਮਿਟ ਕੈਂਸਰ ਵਰਗੀਆਂ ਬੀਮਾਰੀਆਂ ਲਈ ਸਮਰੱਥ ਨਹੀਂ

ਸਿੰਘਲ ਨੇ ਕਿਹਾ,‘‘ਇਸ ਤੋਂ ਇਲਾਵਾ ਸੀਨੀਅਰ ਨਾਗਰਿਕਾਂ ਲਈ ਸਿਹਤ ਬੀਮਾ ਪ੍ਰੀਮੀਅਮ ਲਈ ਕਟੌਤੀ ਦੀ ਸੀਮਾ ਹਟਾਉਣ ਨਾਲ ਉਨ੍ਹਾਂ ਦਾ ਵਿੱਤੀ ਬੋਝ ਕਾਫੀ ਘੱਟ ਹੋ ਜਾਵੇਗਾ।’’ ਰਾਜੀਵ ਗਾਂਧੀ ਕੈਂਸਰ ਇੰਸਟੀਚਿਊਟ ਐਂਡ ਰਿਸਰਚ ਸੈਂਟਰ (ਆਰ. ਜੀ. ਸੀ. ਆਈ. ਆਰ. ਸੀ.) ਦੇ ਮੁੱਖ ਕਾਰਜਕਾਰੀ ਅਧਿਕਾਰੀ ਡੀ. ਐੱਸ. ਨੇਗੀ ਨੇ ਕਿਹਾ ਕਿ ਦੇਸ਼ ’ਚ ਕੈਂਸਰ ਦੇਖਭਾਲ ’ਚ ਸੁਧਾਰ ’ਤੇ ਧਿਆਨ ਦੇਣਾ ਮਹੱਤਵਪੂਰਨ ਹੈ। ਇਹ ਯਕੀਨੀ ਕਰਨਾ ਜ਼ਰੂਰੀ ਹੈ ਕਿ ਸਾਰੇ ਮਰੀਜ਼ਾਂ ਦੀ ਇਸ ਅਤਿ-ਆਧੁਨਿਕ ਇਲਾਜ ਤੱਕ ਪਹੁੰਚ ਹੋਵੇ।’’

ਉਨ੍ਹਾਂ ਕਿਹਾ,‘‘ਆਯੁਸ਼ਮਾਨ ਭਾਰਤ ਨੂੰ 70 ਸਾਲ ਤੋਂ ਜ਼ਿਆਦਾ ਉਮਰ ਵਾਲਿਆਂ ਤੱਕ ਵਿਸਥਾਰਿਤ ਕਰਨਾ ਸੀਨੀਅਰ ਨਾਗਰਿਕਾਂ ਲਈ ਬਹੁਤ ਜ਼ਿਆਦਾ ਫਾਇਦੇਮੰਦ ਹੋਵੇਗਾ। ਨਾਲ ਹੀ ਇਸ ਗੱਲ ’ਤੇ ਵੀ ਗੌਰ ਕਰਨ ਦੀ ਲੋੜ ਹੈ ਕਿ 5 ਲੱਖ ਰੁਪਏ ਦੀ ਮੌਜੂਦਾ ਸੀਮਾ ਕੈਂਸਰ ਵਰਗੀਆਂ ਗੰਭੀਰ ਬੀਮਾਰੀਆਂ ਲਈ ਸਮਰੱਥ ਨਹੀਂ ਹੈ। ਇਸ ਰੋਗ ਦੇ ਇਲਾਜ ਦੀ ਲਾਗਤ 15-20 ਲੱਖ ਰੁਪਏ ਤੱਕ ਹੋ ਸਕਦੀ ਹੈ।

ਭਾਰਤ ’ਚ ਮੈਡੀਕਲ ਸਮੱਗਰੀਆਂ ’ਤੇ ਕਸਟਮ ਡਿਊਟੀ ਸਭ ਤੋਂ ਜ਼ਿਆਦਾ

ਮੈਡੀਕਲ ਟੈਕਨਾਲੋਜੀ ਐਸੋਸੀਏਸ਼ਨ ਆਫ ਇੰਡੀਆ (ਐੱਮ-ਤਾਈ) ਦੇ ਪ੍ਰਧਾਨ ਪਵਨ ਚੌਧਰੀ ਨੇ ਕਿਹਾ ਕਿ ਭਾਰਤ ’ਚ ਮੈਡੀਕਲ ਸਮੱਗਰੀਆਂ ’ਤੇ ਲਾਈ ਕਸਟਮ ਡਿਊਟੀ ਅਤੇ ਟੈਕਸ ਦੁਨੀਆ ’ਚ ਸਭ ਤੋਂ ਜ਼ਿਆਦਾ ਹੈ ਅਤੇ ਇਹ ਸਿੱਧੇ ਮਰੀਜ਼ਾਂ ਨੂੰ ਪ੍ਰਭਾਵਿਤ ਕਰਦੇ ਹਨ।

ਉਨ੍ਹਾਂ ਕਿਹਾ,‘‘ਦੂਜੀ ਵੱਲ, ਸਿੰਗਾਪੁਰ, ਹਾਂਗਕਾਂਗ, ਇਟਲੀ ਅਤੇ ਨਾਰਵੇ ਵਰਗੇ ਦੇਸ਼ ਇਸ ਤਰ੍ਹਾਂ ਦੀ ਕੋਈ ਡਿਊਟੀ ਨਹੀਂ ਲਾਉਂਦੇ ਹਨ। ਆਸਟ੍ਰੇਲੀਆ ਅਤੇ ਜਾਪਾਨ ਸਿਰਫ ਹੇਠਲੀ 0.5 ਫੀਸਦੀ ਡਿਊਟੀ ਲਾਉਂਦੇ ਹਨ । ਜਦੋਂਕਿ ਅਮਰੀਕਾ ’ਚ ਇਹ 2 ਫੀਸਦੀ ਅਤੇ ਚੀਨ ’ਚ 3 ਫੀਸਦੀ ਹੈ। ਉਨ੍ਹਾਂ ਕਿਹਾ,‘‘ਅਜਿਹੇ ’ਚ ਭਾਰਤ ’ਚ ਮੈਡੀਕਲ ਸਮੱਗਰੀਆਂ ਦੀ ਗੈਰ-ਕਾਨੂੰਨੀ ਦਰਾਮਦ ਦਾ ਜੋਖਮ ਹੈ। ਇਸ ਤਰ੍ਹਾਂ ਦੇ ਵਪਾਰ ਨਾਲ ਦੇਸ਼ ਦੇ ਮਾਲੀਏ ’ਚ ਕਮੀ ਆਵੇਗੀ।’’

## ਕਿਸ ਕੁੜੀ ਨੂੰ ਡੇਟ ਕਰ ਰਿਹੈ ਗਾਇਕ ਸਿੰਗਾ? ਨਵੀਂ ਇੰਸਟਾਗ੍ਰਾਮ ਪੋਸਟ ਨੇ ਫਿਰ ਛੇੜੀ ਚਰਚਾ



ਆਪਣੇ ਗੀਤਾਂ ਨਾਲ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਮਸ਼ਹੂਰ ਪੰਜਾਬੀ ਗਾਇਕ ਸਿੰਗਾ ਇਕ ਵਾਰ ਫਿਰ ਚਰਚਾ 'ਚ ਆ ਗਏ ਹਨ। ਦਰਅਸਲ ਸਿੰਘਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਨਵੀਆਂ ਤਸਵੀਰਾਂ ਸ਼ੇਅਰ ਕੀਤੀਆਂ ਹਨ ਜਿਨ੍ਹਾਂ ਨੂੰ ਲੈ ਕੇ ਹਰ ਪਾਸੇ ਹਲਚਲ ਮਚ ਗਈ ਹੈ। ਸਿੰਗਾ ਵੱਲੋਂ ਸ਼ੇਅਰ ਕੀਤੀਆਂ ਗਈਆਂ ਇਨ੍ਹਾਂ ਤਸਵੀਰਾਂ 'ਚ ਇਕ ਵਾਰ ਫਿਰ ਮਿਸਟ੍ਰੀ ਗਰਲ ਨਜ਼ਰ ਆਈ ਹੈ।

ਇਨ੍ਹਾਂ ਤਸਵੀਰਾਂ 'ਚ ਸਾਫ ਵੇਖਿਆ ਜਾ ਸਕਦਾ ਹੈ ਕਿ ਪੰਜਾਬੀ ਕਲਾਕਾਰ ਕਿਸੇ ਨਾਲ ਕੁੜੀ ਨਾਲ ਡੇਟ ਨਾਈਟ ਤੇ ਗਿਆ ਹੈ। ਸਿੰਗਾ ਦੇ ਨਾਲ ਹੀ ਤਸਵੀਰਾਂ 'ਚ ਨਜ਼ਰ ਆਉਣ ਵਾਲੀ ਇਕ ਮਿਸਟ੍ਰੀ ਗਰਲ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਦੱਸ ਦੇਈਏ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸਿੰਗਾ ਨੇ ਕਿਸੇ ਕੁੜੀ ਨਾਲ ਤਸਵੀਰਾਂ ਸ਼ੇਅਰ ਕੀਤੀਆਂ ਹਨ। ਇਸ ਤੋਂ ਪਹਿਲਾਂ ਵੀ ਗਾਇਕ ਦੀਆਂ ਤਸਵੀਰਾਂ 'ਚ ਇੱਕ ਮਿਸਟ੍ਰੀ ਗਰਲ ਨਜ਼ਰ ਆਈ ਸੀ। ਹਾਲਾਂਕਿ ਇਹ ਕਲਾਕਾਰ ਦੇ ਕਿਸੇ ਪ੍ਰੋਜੈਕਟ ਦਾ ਹਿੱਸਾ ਹੈ ਜਾਂ ਕੁਝ ਹੋਰ ਇਸ ਬਾਰੇ ਖੁਲਾਸਾ ਨਹੀਂ ਹੋਇਆ।

ਸਿੰਗਾ ਵੱਲੋਂ ਸ਼ੇਅਰ ਕੀਤੀਆਂ ਗਈਆਂ ਪਹਿਲੀਂ ਤਸਵੀਰਾਂ ਨੂੰ ਵੇਖ ਕੇ ਪ੍ਰਸ਼ੰਸਕਾਂ ਨੇ ਮਿਸਟਰੀ ਗਰਲ ਨੂੰ ਉਨ੍ਹਾਂ ਦੀ ਗਰਲਫ੍ਰੈਂਡ ਦੱਸਿਆ ਸੀ। ਹਾਲਾਂਕਿ ਇਸ 'ਤੇ ਗਾਇਕ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

ਹਾਲ ਹੀ 'ਚ ਸਿੰਗਾ ਦਾ ਗੀਤ 100 Gulab ਰਿਲੀਜ਼ ਹੋਇਆ ਹੈ, ਇਸ ਗੀਤ ਨੂੰ ਪ੍ਰਸ਼ੰਸਕਾਂ ਵੱਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਹੈ।

ਬਲਜਿੰਦਰ ਕੌਰ ਤੋਂ ਬਣੀ ਕੌਰ ਬੀ

ਕੌਰ ਬੀ ਦਾ ਅਸਲ ਨਾਂ ਬਲਜਿੰਦਰ ਕੌਰ ਹੈ ਪਰ ਸੰਗੀਤ ਜਗਤ 'ਚ ਉਨਾਂ ਨੂੰ ਕੌਰ ਬੀ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਦੱਸ ਦਈਏ ਕਿ ਉਨ੍ਹਾਂ ਨੂੰ 'ਕੌਰ ਬੀ' ਨਾਂ ਬੰਟੀ ਬੈਂਸ ਨੇ ਦਿੱਤਾ ਹੈ। ਉਨਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2013 'ਚ 'ਕਲਾਸਮੇਟ' ਗੀਤ ਨਾਲ ਸ਼ੁਰੂ ਕੀਤੀ ਸੀ, ਜਿਹੜਾ ਫਿਲਮ 'ਡੈਡੀ ਕੂਲ ਮੁੰਡੇ ਫੂਲ' 'ਚ ਆਇਆ ਸੀ। ਇਸ ਗੀਤ ਨੂੰ ਲੋਕਾਂ ਵਲੋਂ ਕਾਫੀ ਪਸੰਦ ਕੀਤਾ ਗਿਆ ਸੀ 'ਤੇ ਕੁਝ ਹੀ ਦਿਨਾਂ 'ਚ ਉਨ੍ਹਾਂ ਨੇ ਲੋਕਾਂ 'ਚ ਆਪਣੀ ਖਾਸ ਪਛਾਣ ਬਣਾ ਲਈ।

ਪੂਰਾ ਕੀਤਾ ਆਪਣਾ ਸ਼ੌਂਕ

ਸਾਲ 2020 ਤਕਰੀਬਨ ਸਾਰਿਆਂ ਨੇ ਆਪਣੇ-ਆਪਣੇ ਘਰਾਂ 'ਚ ਰਹਿ ਕੇ ਹੀ ਬੀਤਾਇਆ ਹੈ। ਪਿਛਲੇ ਸਾਲ ਕੌਰ ਬੀ ਨੇ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਸੀ, ਜਿਸ 'ਚ ਉਹ ਟਰੈਕਟਰ ਚਲਾਉਂਦੀ ਹੋਈ ਨਜ਼ਰ ਆਈ ਸੀ। ਉਸ ਦੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋਈ ਸੀ। ਕੌਰ ਬੀ ਦੇ ਇਸ ਅੰਦਾਜ਼ ਲੋਕਾਂ ਵਲੋਂ ਕਾਫ਼ੀ ਪਸੰਦ ਕੀਤਾ ਗਿਆ ਸੀ। ਇਸ ਵੀਡੀਓ ਨੂੰ ਸਾਂਝੀ ਕਰਦਿਆਂ ਕੌਰ ਬੀ ਨੇ ਲਿਖਿਆ 'ਜਿੱਦਾਂ ਦਾ ਮਾਹੌਲ ਹੋਵੇ ਓਦਾਂ ਦਾ ਹੀ ਹੋ ਜਾਈਦਾ...ਮੈਂ ਟਰੈਕਟਰ ਦੀ ਲਾਸਟ ਵੀਡੀਓ 2016 'ਚ ਪੋਸਟ ਕੀਤੀ ਸੀ ਅਤੇ ਉਸ ਤੋਂ ਬਾਅਦ ਹੁਣ ਚਲਾਇਆ ਟਰੈਕਟਰ ਚਾਰ ਸਾਲ ਬਾਅਦ... ਦੁਬਾਰਾ ਸ਼ੌਂਕ ਪੂਰਾ ਕੀਤਾ ਗਿਆ।'

'ਮਿੱਤਰਾਂ ਦੇ ਬੂਟ' ਨਾਲ ਪਹੁੰਚੀ ਸੰਗੀਤ ਜਗਤ ਦੀਆਂ ਬੁਲੰਦੀਆਂ 'ਤੇ

ਗਾਇਕਾ ਕੌਰ ਬੀ ਨੂੰ 'ਮਿੱਤਰਾਂ ਦੇ ਬੂਟ' ਗੀਤ ਨੇ ਬੁਲੰਦੀਆਂ 'ਤੇ ਪਹੁੰਚਾਇਆ। ਇਸ ਗੀਤ ਨੂੰ ਉਨ੍ਹਾਂ ਨੇ ਆਪਣੀ ਬੁਲੰਦ ਅਵਾਜ਼ ਨਾਲ ਇਸ ਕਦਰ ਸ਼ਿੰਗਾਰਿਆ ਕਿ ਇਹ ਗੀਤ ਸੁਪਰ ਹਿੱਟ ਹੋ ਗਿਆ ਅਤੇ ਕੁਝ ਹੀ ਦਿਨਾਂ 'ਚ ਹਰੇਕ ਦੀ ਜ਼ੁਬਾਨ 'ਤੇ ਇਹ ਗੀਤ ਚੜ੍ਹ ਗਿਆ। ਇਸ ਗੀਤ ਨੂੰ ਉਨ੍ਹਾਂ ਨੇ ਜੈਜ਼ੀ ਬੀ ਨਾਲ ਗਾਇਆ। ਇਹ ਗੀਤ ਪੰਜਾਬ ਹੀ ਨਹੀਂ ਸਗੋਂ ਪੂਰੇ ਉੱਤਰ ਭਾਰਤ 'ਚ ਇੰਨਾ ਮਸ਼ਹੂਰ ਹੋਇਆ ਕਿ ਵਿਆਹਾਂ 'ਚ ਸਭ ਤੋਂ ਵੱਧ ਵੱਜਣ ਵਾਲਾ ਗੀਤ ਬਣ ਗਿਆ।

## ਮਸ਼ਹੂਰ ਅਦਾਕਾਰਾ ਅਤੇ ਐਂਕਰ ਅਪਰਨਾ ਵਸਤਰੈ ਦਾ 51 ਸਾਲ ਦੀ ਉਮਰ 'ਚ ਦਿਹਾਂਤ



ਮਨੋਰੰਜਨ ਜਗਤ ਤੋਂ ਹਰ ਰੋਜ਼ ਕੋਈ ਨਾ ਕੋਈ ਬੁਰੀ ਖ਼ਬਰ ਸਾਹਮਣੇ ਆਉਂਦੀ ਰਹਿੰਦੀ ਹੈ। ਹੁਣ ਹਾਲ ਹੀ 'ਚ ਖਬਰ ਸਾਹਮਣੇ ਆਈ ਹੈ ਕਿ ਕੰਨੜ ਇੰਡਸਟਰੀ ਦੀ ਮਸ਼ਹੂਰ ਅਦਾਕਾਰਾ ਅਤੇ ਐਂਕਰ ਅਪਰਨਾ ਵਸਤਰੈ ਨਹੀਂ ਰਹੀ। 51 ਸਾਲ ਦੀ ਉਮਰ 'ਚ ਉਨ੍ਹਾਂ ਦੀ ਮੌਤ ਹੋ ਗਈ। ਅਪਰਨਾ ਦੇ ਦੇਹਾਂਤ ਨਾਲ ਉਨ੍ਹਾਂ ਦੇ ਪ੍ਰਸ਼ੰਸਕਾਂ ਨੂੰ ਵੱਡਾ ਸਦਮਾ ਲੱਗਾ ਹੈ ਅਤੇ ਪ੍ਰਸ਼ੰਸਕ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਸ਼ਰਧਾਂਜਲੀ ਦੇ ਰਹੇ ਹਨ।ਅਪਰਨਾ ਵਸਤਰੈ ਫੇਫੜਿਆਂ ਦੇ ਕੈਂਸਰ ਨਾਲ ਜੂਝ ਰਹੀ ਸੀ ਅਤੇ ਬੀਤੀ ਰਾਤ ਇਸ ਬੀਮਾਰੀ ਨਾਲ ਲੜਾਈ ਹਾਰ ਗਈ। 11 ਜੁਲਾਈ ਨੂੰ, ਅਦਾਕਾਰਾ ਨੇ ਬੈਂਗਲੁਰੂ 'ਚ ਆਖਰੀ ਸਾਹ ਲਿਆ। ਪਰਿਵਾਰ ਵੱਲੋਂ ਉਸ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਅਪਰਨਾ ਵਸਤਰੈ ਇੱਕ ਮਸ਼ਹੂਰ ਅਦਾਕਾਰਾ ਹੋਣ ਤੋਂ ਇਲਾਵਾ ਇੱਕ ਟੈਲੀਵਿਜ਼ਨ ਐਂਕਰ ਅਤੇ ਸਾਬਕਾ ਰੇਡੀਓ ਜੌਕੀ ਵੀ ਸੀ। ਉਸ ਨੇ 1990 ਦੇ ਦਹਾਕੇ 'ਚ ਡੀਡੀ ਚੰਦਨਾ 'ਤੇ ਪ੍ਰਸਾਰਿਤ ਕੀਤੇ ਗਏ ਕਈ ਸ਼ੋਅ 'ਚ ਇੱਕ ਐਂਕਰ ਵਜੋਂ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ 1984 'ਚ ਪੁਤੰਨਾ ਕਨਗਲ ਦੀ ਫਿਲਮ 'ਮਸਾਨਦਾ ਹੂਵੂ' ਨਾਲ ਫਿਲਮਾਂ ਦੀ ਸ਼ੁਰੂਆਤ ਕੀਤੀ।



## ਅਮਿਤਾਭ ਬੱਚਨ ਦੀ ਗੁਆਂਢਣ ਬਣੀ ਕ੍ਰਿਤੀ ਸੈਨਨ, 2.25 ਕਰੋੜ ਦੀ ਖਰੀਦੀ ਅਲੀਬਾਗ 'ਚ ਸ਼ਾਨਦਾਰ ਪ੍ਰਾਪਰਟੀ

ਬਾਲੀਵੁੱਡ ਅਦਾਕਾਰਾ ਕ੍ਰਿਤੀ ਸੈਨਨ ਨੇ ਆਪਣੇ ਕਰੀਅਰ 'ਚ ਹੁਣ ਤੱਕ ਹਰ ਤਰ੍ਹਾਂ ਦੇ ਕਿਰਦਾਰ ਨਿਭਾਏ ਹਨ। ਹਾਲ ਹੀ 'ਚ ਅਦਾਕਾਰਾ ਨੇ ਅਲੀਬਾਗ 'ਚ ਇੱਕ ਪ੍ਰੀਮੀਅਮ ਪਲਾਟ ਖਰੀਦਿਆ ਹੈ ਅਤੇ ਦੱਸਿਆ ਜਾ ਰਿਹਾ ਹੈ ਕਿ ਉਹ ਹੁਣ ਅਮਿਤਾਭ ਬੱਚਨ ਦੀ ਗੁਆਂਢੀ ਬਣ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਹੁਣ ਤੱਕ ਕ੍ਰਿਤੀ ਨੇ 2,000 ਵਰਗ ਫੁੱਟ ਦਾ ਪਲਾਟ ਲਿਆ ਹੈ।ਕਈ ਵੱਡੇ ਸਿਤਾਰੇ ਪਹਿਲਾਂ ਹੀ ਅਲੀਬਾਗ 'ਚ ਨਿਵੇਸ਼ ਕਰ ਚੁੱਕੇ ਹਨ। ਇਨ੍ਹਾਂ ਵੱਡੇ ਸਿਤਾਰਿਆਂ 'ਚ ਅਮਿਤਾਭ ਬੱਚਨ ਅਤੇ ਸ਼ਾਹਰੁਖ ਖਾਨ ਵਰਗੇ ਮਸ਼ਹੂਰ ਹਸਤੀਆਂ ਸ਼ਾਮਲ ਹਨ। ਸੁਪਨਿਆਂ ਦੇ ਸ਼ਹਿਰ ਮੁੰਬਈ ਅਤੇ ਸਮੁੰਦਰ ਦੇ ਨਾਲ ਲਗਿਆ ਅਲੀਬਾਗ ਆਪਣੇ ਖੂਬਸੂਰਤ ਬੀਚ ਲਈ ਜਾਣਿਆ ਜਾਂਦਾ ਹੈ। ਲੋਕ ਅਕਸਰ ਵੱਡੀ ਗਿਣਤੀ 'ਚ ਇੱਥੇ ਘੁੰਮਣ ਅਤੇ ਛੁੱਟੀਆਂ ਬਿਤਾਉਣ ਲਈ ਆਉਂਦੇ ਹਨ। ਹੁਣ ਖਬਰ ਸਾਹਮਣੇ ਆਈ ਹੈ ਕਿ 'ਤੇਰੀ ਬਾਤੋਂ ਮੈਂ ਐਸਾ ਉਲਝਾ ਜੀਆ' ਦੀ ਅਦਾਕਾਰਾ ਕ੍ਰਿਤੀ ਸੈਨਨ ਨੇ ਵੀ ਇੱਥੇ ਇੱਕ ਪ੍ਰੀਮੀਅਮ ਪਲਾਟ ਖਰੀਦਿਆ ਹੈ।ਆਪਣੇ ਪਹਿਲੇ ਨਿਵੇਸ਼ ਬਾਰੇ ਕ੍ਰਿਤੀ ਸੈਨਨ ਨੇ ਕਿਹਾ, 'ਮੈਂ ਬਹੁਤ ਖੁਸ਼ ਹਾਂ ਕਿ ਹੁਣ ਮੈਂ ਅਲੀਬਾਗ 'ਚ ਇਸ ਜ਼ਮੀਨ ਦੀ ਮਾਲਕ ਹਾਂ। ਕਾਫੀ ਦੇਰ ਤੱਕ ਮੇਰੀਆਂ ਨਜ਼ਰਾਂ ਅਲੀਬਾਗ 'ਤੇ ਟਿਕੀਆਂ ਹੋਈਆਂ ਸਨ। ਮੈਂ ਅਜਿਹੀ ਜ਼ਮੀਨ ਖਰੀਦਣਾ ਚਾਹੁੰਦੀ ਸੀ ਜਿੱਥੇ ਮੈਨੂੰ ਸ਼ਾਂਤੀ ਅਤੇ ਨਿੱਜਤਾ ਮਿਲ ਸਕੇ। ਮੇਰੇ ਪਿਤਾ ਵੀ ਇਸ ਨਿਵੇਸ਼ ਤੋਂ ਬਹੁਤ ਖੁਸ਼ ਹਨ।ਕ੍ਰਿਤੀ ਹੁਣ ਅਮਿਤਾਭ ਬੱਚਨ ਦੀ ਗੁਆਂਢੀ ਬਣੇਗੀ। ਅਲੀਬਾਗ 'ਚ ਨਿਵੇਸ਼ ਕਰਨ ਤੋਂ ਪਹਿਲਾਂ ਅਮਿਤਾਭ ਬੱਚਨ ਨੇ ਵੀ ਇਸੇ ਖੇਤਰ ਵਿੱਚ 1000 ਵਰਗ ਫੁੱਟ ਦਾ ਪਲਾਟ ਖਰੀਦਿਆ ਹੈ, ਕ੍ਰਿਤੀ ਨੇ ਬੈਂਗਲੁਰੂ 'ਚ ਇੱਕ ਕਮਰਸ਼ੀਅਲ ਸਪੇਸ ਅਤੇ ਗੋਆ 'ਚ ਇੱਕ ਵਿਲਾ 'ਚ ਵੀ ਨਿਵੇਸ਼ ਕੀਤਾ ਹੈ। ਬਾਲੀਵੁੱਡ ਪਾਵਰ ਕਪਲ ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਣ ਦਾ ਵੀ ਅਲੀਬਾਗ 'ਚ ਸਮੁੰਦਰ ਦੇ ਕਿਨਾਰੇ ਇੱਕ ਆਲੀਸ਼ਾਨ ਬੰਗਲਾ ਹੈ। ਨਿਊਜ਼ ਏਜੰਸੀ ਅਨੁਸਾਰ, ਸਟਾਰ ਜੋੜੇ ਨੇ 2021 'ਚ ਅਲੀਬਾਗ 'ਚ 22 ਕਰੋੜ ਰੁਪਏ 'ਚ ਇੱਕ ਬੰਗਲਾ ਖਰੀਦਿਆ ਸੀ।

## ਅੰਨਤ-ਰਾਧਿਕਾ ਦੀ ਸੰਗੀਤ ਸੈਰੇਮਨੀ 'ਤੇ ਪੰਜਾਬੀਆਂ ਦਾ ਦੇਖਣ ਨੂੰ ਮਿਲਿਆ ਟਸ਼ਨ




ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ 12 ਜੁਲਾਈ ਨੂੰ ਸੱਤ ਫੇਰੇ ਲੈਣਗੇ ਪਰ ਉਨ੍ਹਾਂ ਦੇ ਵਿਆਹ ਤੋਂ ਪਹਿਲਾਂ ਦੇ ਜਸ਼ਨ ਮਾਰਚ ਤੋਂ ਹੀ ਸ਼ੁਰੂ ਹੋ ਗਏ ਸਨ। ਅੰਬਾਨੀ ਪਰਿਵਾਰ ਨੇ ਸ਼ੁੱਕਰਵਾਰ, 5 ਜੁਲਾਈ ਨੂੰ ਨੀਤਾ ਮੁਕੇਸ਼ ਅੰਬਾਨੀ ਕਲਚਰਲ ਸੈਂਟਰ ਵਿੱਚ ਜੋੜੇ ਲਈ ਇੱਕ ਸ਼ਾਨਦਾਰ ਸੰਗੀਤ ਸੈਰੇਮਨੀ ਦਾ ਆਯੋਜਨ ਕੀਤਾ। ਇਸ ਸੈਰੇਮਨੀ ਦੀ ਡਰੈੱਸ ਥੀਮ ਇੰਡੀਅਨ ਰੱਖੀ ਗਈ ਸੀ। ਬਾਲੀਵੁੱਡ ਦੀਆਂ ਕਈ ਖੂਬਸੂਰਤ ਸਿਤਾਰਿਆਂ ਨੇ ਸੈਰੇਮਨੀ 'ਚ ਆਪਣਾ ਜਾਦੂ ਦਿਖਾਇਆ। ਇਸ ਪਾਰਟੀ 'ਚ ਮਸ਼ਹੂਰ ਅਦਾਕਾਰਾ ਸ਼ਹਿਨਾਜ ਗਿੱਲ ਨੇ ਵੀ ਸ਼ਿਰਕਤ ਕੀਤੀ, ਜਿਸ ਦੀ ਵੀਡਿਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਸ਼ਹਿਨਾਜ਼ ਗਿੱਲ ਨੇ ਇਸ ਪਾਰਟੀ 'ਚ ਸਾੜ੍ਹੀ ਦੀ ਚੋਣ ਕੀਤੀ। ਗੋਲਡਨ ਸਾੜ੍ਹੀ 'ਚ ਉਹ ਹਰ ਕਿਸੇ ਨਾਲੋਂ ਬਿਲਕੁਲ ਵੱਖਰੀ ਦਿੱਖ ਰਹੀ ਸੀ। ਅਦਾਕਾਰਾ ਦੀ ਇਸ ਲੁੱਕ ਨੂੰ ਵੇਖ ਕੇ ਹਰ ਕੋਈ ਉਨ੍ਹਾਂ ਦੀ ਦੀਵਾਨਾ ਹੋ ਗਿਆ ਹੈ ਅਤੇ ਸ਼ਹਿਨਾਜ਼ ਦੀ ਇਸ ਲੁੱਕ ਦੀ ਕਾਫੀ ਤਾਰੀਫ ਕਰ ਰਹੇ ਹਨ।

ਗਾਇਕ ਨੇ ਸਲਾਹ ਦਿੱਤੀ ਕਿ ਜੇ ਕਿਸੇ ਨੂੰ ਅਜਿਹੇ ਅਣਚਾਹੇ ਵਿਚਾਰ ਪ੍ਰੇਸ਼ਾਨ ਕਰ ਰਹੇ ਹਨ ਤਾਂ ਉਸ ਨੂੰ ਪਹਾੜਾਂ 'ਤੇ ਘੁੰਮਣ ਜਾਣਾ ਚਾਹੀਦਾ ਹੈ। ਇਸ ਤਰੀਕੇ ਕੁਦਰਤ ਦੀ ਗੋਦ 'ਚ ਬੈਠ ਕੇ ਅਸੀਂ ਆਪਣੇ ਅੰਦਰ ਝਾਤੀ ਮਾਰ ਸਕਦੇ ਹਾਂ। ਅਦਾਕਾਰ ਨੇ ਸ਼ਾਂਤੀ ਨਾਲ ਖੁਸ਼ੀ ਦੇ ਛੋਟੇ ਛੋਟੇ ਪਲਾਂ ਨੂੰ ਯਾਦ ਕਰਨ ਅਤੇ ਪ੍ਰਮਾਤਮਾ ਦਾ ਧੰਨਵਾਦ ਕਰਨ ਦੀ ਸਲਾਹ ਦਿੱਤੀ। ਤੁਹਾਨੂੰ ਦੱਸ ਦੇਈਏ ਕਿ ਦਿਲਜੀਤ ਦੋਸਾਂਝ ਲਾਜ ਐਂਜਲਸ ਵਿੱਚ ਕੰਸਰਟ ਰਾਹੀਂ ਇੱਕ ਵਾਰ ਫਿਰ ਧਮਾਲ ਮਚਾਉਣ ਜਾ ਰਹੇ ਹਨ।

ਅਦਾਕਾਰ ਦੇ ਵਰਕਫਰੰਟ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਹਾਲ ਹੀ ਵਿੱਚ ਫਿਲਮ ਜੱਟ ਐਂਡ ਜੂਲੀਅਟ ਰਿਲੀਜ਼ ਹੋਈ ਹੈ। ਇਹ ਫਿਲਮ ਬਲਾਕਬਸਟਰ ਸਾਬਤ ਹੋਈ ਹੈ। ਇਸ ਫਿਲਮ ਵਿੱਚ ਉਹ ਮਸ਼ਹੂਰ ਅਦਾਕਾਰਾ ਨੀਰੂ ਬਾਜਵਾ ਨਾਲ ਨਜ਼ਰ ਆਏ ਹਨ। ਇਸ ਦੇ ਨਾਲ ਹੀ ਗਾਇਕ ਅਤੇ ਰੈਪਰ ਬਾਦਸ਼ਾਹ ਅਤੇ ਕਰਨ ਔਜਲਾ ਨੇ ਅਨੰਤ ਅੰਬਾਨੀ ਤੇ ਰਾਧਿਕਾ ਮਰਚੈਂਟ ਸੰਗੀਤ ਸੈਰੇਮਨੀ 'ਚ ਪਰਫਾਰਮ ਕੀਤਾ। ਬਾਦਸ਼ਾਹ ਅਤੇ ਕਰਨ ਔਜਲਾ ਨੇ ਜਸ਼ਨ 'ਚ ਪੰਜਾਬੀ ਸਟਾਇਲ 'ਚ ਧਮਾਲ ਮਚਾਇਆ। ਕਰਨ ਔਜਲਾ ਨੇ ਸੰਗੀਤ ਸੈਰੇਮਨੀ ਦੀ ਝਲਕ ਸੋਸ਼ਲ ਮੀਡਿਆ ਉੱਤੇ ਸਾਂਝੀ ਕੀਤੀ ਹੈ। ਗਾਇਕ ਨੇ ਇੰਸਟਾਗ੍ਰਾਮ ਸਟੋਰੀ ਉੱਤੇ ਇੱਕ ਵੀਡਿਓ ਸ਼ੇਅਰ ਕੀਤੀ ਹੈ, ਜਿਸ ਵਿੱਚ ਉਹ ਸ਼ਹਿਨਾਜ਼ ਗਿੱਲ ਨਾਲ ਨਜ਼ਰ ਆ ਰਹੇ ਹਨ।ਕਰਨ ਔਜਲਾ ਦੇ ਨਾਲ ਬਾਦਸ਼ਾਹ ਨੇ ਵੀ ਅੰਬਾਨੀ ਪਰਿਵਾਰ ਦੇ ਇਸ ਸਮਾਰੋਹ 'ਚ ਧੂਮ ਮਚਾਈ।

ਦੱਸ ਦੇਈਏ ਕਿ ਜਾਮਨਗਰ 'ਚ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਪ੍ਰੀ-ਵੈਡਿੰਗ ਫੰਕਸ਼ਨ 'ਚ ਦਿਲਜੀਤ ਦੋਸਾਂਝ ਨੇ ਆਪਣੀ ਪਰਫਾਰਮੈਂਸ ਨਾਲ ਸਭ ਦਾ ਦਿੱਲ ਜਿੱਤ ਲਿਆ ਸੀ। ਹੁਣ ਬਾਦਸ਼ਾਹ ਵਿਆਹ ਦੇ ਸੰਗੀਤ ਸੈਰੇਮਨੀ 'ਚ ਕਰਨ ਔਜਲਾ ਨਾਲ ਸਟੇਜ 'ਤੇ ਦੇਸੀ ਤੜਕਾ ਲਗਾਇਆ। ਬਾਦਸ਼ਾਹ ਨੇ ਕਰਨ ਔਜਲਾ ਦੇ ਨਾਲ ਪਲੇਅਰਸ, ਗੌਡ ਡੈਮ ਅਤੇ ਡਾਕੂ ਵਰਗੇ ਗੀਤਾਂ 'ਚ ਕੰਮ ਕੀਤਾ ਹੈ।

## ਅਸੀਂ ਇੱਥੇ ਮਸਤੀ ਕਰ ਰਹੇ ਹਾਂ; ਜੁਲਾਈ ਦੇ ਅੰਤ 'ਚ ਸੁਰੱਖਿਅਤ ਰੂਪ 'ਚ ਘਰ ਵਾਪਸ ਆਵਾਂਗੇ



ਅਮਰੀਕਾ ਦੇ ਨੈਸ਼ਨਲ ਏਰੋਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ (ਨਾਸਾ) ਦੇ ਪਰੀਖਣ ਪਾਇਲਟ ਬੁਚ ਵਿਲਮੋਰ ਅਤੇ ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ 10 ਜੁਲਾਈ, 2024 ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐਸ.ਐਸ) ਤੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਜਿਹਾ ਭਰੋਸਾ ਪ੍ਰਗਟਾਇਆ ਕਿ ਜੁਲਾਈ ਦੇ ਅੰਤ ਵਿੱਚ ਸੁੱਰਖਿਅਤ ਰੂਪ ਵਿੱਚ ਘਰ ਵਾਪਸ ਆਵਾਂਗੇ। ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਨੇ ਪਹਿਲੀ ਵਾਰ ਧਰਤੀ ਤੋਂ 400 ਕਿਲੋਮੀਟਰ ਦੀ ਦੂਰੀ 'ਤੇ ਘੁੰਮ ਰਹੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕੀਤਾ। ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਜੂਨ 2024 ਵਿੱਚ ਬੋਇੰਗ ਦੇ ਨਵੇਂ ਸਟਾਰਲਾਈਨਰ ਕੈਪਸੂਲ ਵਿੱਚ ਸਵਾਰ ਹੋ ਕੇ ਆਈ.ਐਸ.ਐਸ ਦੀ ਯਾਤਰਾ ਤੇ ਹਨ।ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਨੇ ਕਿਹਾ ਕਿ ਸਾਨੂੰ ਹਫ਼ਤੇ ਪਹਿਲਾਂ ਧਰਤੀ 'ਤੇ ਵਾਪਸ ਆਉਣਾ ਚਾਹੀਦਾ ਸੀ, ਪਰ ਬੋਇੰਗ ਦੇ ਨਵੇਂ ਸਟਾਰਲਾਈਨਰ ਕੈਪਸੂਲ ਵਿੱਚ ਹੀਲੀਅਮ ਲੀਕ ਹੋਣ ਅਤੇ ਇਸ ਦੇ ਥਰਸਟਰਾਂ ਵਿੱਚ ਤਕਨੀਕੀ ਸਮੱਸਿਆਵਾਂ ਨੇ ਸਾਨੂੰ ਦੋਵਾਂ ਨੂੰ ਇੱਥੇ ਆਈ.ਐਸ.ਐਸ ਵਿੱਚ ਆਉਣ ਵਿੱਚ ਦੇਰੀ ਕੀਤੀ ਹੈ। ਹੁਣ ਅਸੀਂ ਦੋਵੇਂ ਇੱਥੇ ਆਈ.ਐਸ.ਐਸ ਵਿੱਚ ਫਸ ਗਏ ਹਾਂ। ਹਾਲਾਂਕਿ, ਇੱਕ ਵਾਰ ਧਰਤੀ 'ਤੇ ਥਰਸਟਰਾਂ ਦੀ ਵਿਗਿਆਨਕ ਤੌਰ 'ਤੇ ਜਾਂਚ ਹੋ ਜਾਂਦੀ ਹੈ, ਤਾਂ ਅਸੀਂ ਜਿੰਨੀ ਜਲਦੀ ਹੋ ਸਕੇ ਧਰਤੀ 'ਤੇ ਵਾਪਸ ਆਵਾਂਗੇ।ਦੋਵਾਂ ਪੁਲਾੜ ਯਾਤਰੀਆਂ ਨੇ ਉਤਸ਼ਾਹ ਨਾਲ ਕਿਹਾ ਕਿ ਸਾਨੂੰ ਧਰਤੀ 'ਤੇ ਵਾਪਸ ਆਉਣ ਵਿਚ ਦੇਰੀ ਦੀ ਕੋਈ ਸ਼ਿਕਾਇਤ ਨਹੀਂ ਹੈ। ਅਸੀਂ ਇੱਥੇ ਆਈ.ਐਸ.ਐਸ ਵਿਚ ਬਹੁਤ ਮਸਤੀ ਕਰ ਰਹੇ ਹਾਂ। ਨਾਲ ਹੀ ਅਸੀਂ ਆਈ.ਐਸ.ਐਸ ਦੇ ਚਾਲਕ ਦਲ ਦੇ ਮੈਂਬਰਾਂ ਦੀ ਮਦਦ ਕਰ ਰਹੇ ਹਾਂ। ਨਾਸਾ ਦੇ ਕਮਰਸ਼ੀਅਲ ਅਤੇ ਕਰੂ ਪ੍ਰੋਗਰਾਮ ਦੇ ਡਾਇਰੈਕਟਰ ਸਟੀਵ ਸਟਿਚ ਨੇ ਕਿਹਾ ਕਿ ਬੋਇੰਗ ਸਟਾਰ ਲਾਈਨਰ ਦੇ ਦੋਵੇਂ ਪੁਲਾੜ ਯਾਤਰੀ ਜੁਲਾਈ ਦੇ ਅੰਤ ਤੱਕ ਸੁਰੱਖਿਅਤ ਰੂਪ ਨਾਲ ਧਰਤੀ 'ਤੇ ਪਰਤ ਆਉਣਗੇ। ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲੀਮੋਰ ਅਗਸਤ 2024 ਦੇ ਅੱਧ ਵਿੱਚ ਸਪੇਸਐਕਸ ਦੁਆਰਾ ਆਪਣੇ ਦੂਜੇ ਚਾਲਕ ਦਲ ਨੂੰ ਪੁਲਾੜ ਵਿੱਚ ਭੇਜਣ ਤੋਂ ਪਹਿਲਾਂ ਨਿਸ਼ਚਤ ਤੌਰ 'ਤੇ ਧਰਤੀ 'ਤੇ ਵਾਪਸ ਆ ਜਾਣਗੇ। ਹਾਲਾਂਕਿ ਇਹ ਸਮੇਂ ਦੀ ਸਾਰਣੀ ਵੀ ਬਦਲ ਸਕਦੀ ਹੈ। ਨਾਸਾ ਅਤੇ ਬੋਇੰਗ ਇਸ ਹਫਤੇ ਮੈਕਸੀਕੋ ਵਿੱਚ ਸਟਾਰ ਲਾਈਨਰ ਦੇ ਥਰਸਟਰ ਨਾਲ ਇੱਕ ਤਕਨੀਕੀ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਸਲ ਤਕਨੀਕੀ ਸਮੱਸਿਆ ਪ੍ਰੋਪਲਸ਼ਨ ਸਿਸਟਮ ਵਿੱਚ ਹੈ। ਇਸ ਤਰ੍ਹਾਂ ਹੀ ਦੋਵਾਂ ਪੁਲਾੜ ਯਾਤਰੀਆਂ ਨੂੰ ਸੁਰੱਖਿਅਤ ਰੂਪ ਨਾਲ ਧਰਤੀ 'ਤੇ ਵਾਪਸ ਲਿਆਉਣ ਲਈ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ।

## ਨਦੀ 'ਚ ਰੁੜ੍ਹੀਆਂ ਦੋ ਬੱਸਾਂ, 7 ਭਾਰਤੀਆਂ ਸਮੇਤ 12 ਲੋਕਾਂ ਦੀ ਮੌਤ



ਨੇਪਾਲ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਸਥਾਨਕ ਪੁਲਸ ਨੇ ਦੱਸਿਆ ਕਿ ਵੀਰਵਾਰ ਰਾਤ ਅਤੇ ਸ਼ੁੱਕਰਵਾਰ ਸਵੇਰੇ ਵੱਖ-ਵੱਖ ਘਟਨਾਵਾਂ ਵਿੱਚ ਢਿੱਗਾਂ ਡਿੱਗਣ ਕਾਰਨ 12 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿਚ 7 ਭਾਰਤੀ ਸ਼ਾਮਲ ਹਨ। ਇਸ ਤੋਂ ਇਲਾਵਾ ਬੱਸ ਵਿਚ ਸਵਾਰ 65 ਹੋਰ ਯਾਤਰੀ ਲਾਪਤਾ ਹਨ। ਜਾਣਕਾਰੀ ਮੁਤਾਬਕ ਬੀਰਗੰਜ ਤੋਂ ਕਾਠਮੰਡੂ ਜਾ ਰਹੀ ਇੱਕ ਬੱਸ ਤ੍ਰਿਸ਼ੂਲੀ ਨਦੀ ਵਿੱਚ ਡਿੱਗ ਗਈ, ਜਿਸ ਵਿੱਚ ਸੱਤ ਭਾਰਤੀਆਂ ਦੀ ਮੌਤ ਹੋ ਗਈ। ਇੱਥੇ ਦੱਸ ਦੇਈਏ ਕਿ ਸੜਕ ਵਿਭਾਗ ਨੇ ਨਰਾਇਣਘਾਟ-ਕਾਠਮੰਡੂ ਰੋਡ ਸੈਕਸ਼ਨ ਨੂੰ ਪੰਦਰਾਂ ਦਿਨਾਂ ਲਈ ਬੰਦ ਕਰ ਦਿੱਤਾ ਸੀ। ਪਰ ਇਸ ਤੋਂ ਬਾਅਦ ਵੀ ਟਰੈਫਿਕ ਸੇਵਾ ਬਹਾਲ ਹੈ। ਦਰਅਸਲ ਨੇਪਾਲ 'ਚ ਜ਼ਿਆਦਾ ਮੀਂਹ ਕਾਰਨ ਵੱਖ-ਵੱਖ ਥਾਵਾਂ 'ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਸ ਕਾਰਨ ਕਈ ਸੜਕਾਂ ਬੰਦ ਹੋ ਗਈਆਂ ਹਨ।

**ਇੱਕ ਬੱਸ ਵਿੱਚ 24 ਅਤੇ ਦੂਜੀ ਵਿੱਚ 41 ਯਾਤਰੀ ਸਨ ਸਵਾਰ**

ਕਾਠਮੰਡੂ ਪੋਸਟ ਮੁਤਾਬਕ ਚਿਤਵਨ ਦੇ ਮੁੱਖ ਜ਼ਿਲਾ ਅਧਿਕਾਰੀ ਇੰਦਰਦੇਵ ਯਾਦਵ ਨੇ ਦੱਸਿਆ ਕਿ ਕਾਠਮੰਡੂ ਜਾ ਰਹੀ ਏਂਗਾਸ ਬੱਸ 'ਚ 24 ਯਾਤਰੀ ਸਵਾਰ ਸਨ, ਜਦਕਿ ਕਾਠਮੰਡੂ ਤੋਂ ਗੌਰ ਜਾ ਰਹੀ ਗਣਪਤੀ ਡੀਲਕਸ ਬੱਸ 'ਚ ਕਰੀਬ 41 ਲੋਕ ਸਵਾਰ ਸਨ। ਹਾਦਸਾ ਸਵੇਰੇ ਕਰੀਬ 3.30 ਵਜੇ ਵਾਪਰਿਆ ਦੱਸਿਆ ਜਾ ਰਿਹਾ ਹੈ। ਗਣਪਤੀ ਡੀਲਕਸ ਬੱਸ ਵਿੱਚ ਸਵਾਰ ਤਿੰਨ ਯਾਤਰੀ ਛਾਲ ਮਾਰ ਕੇ ਆਪਣੀ ਜਾਨ ਬਚਾਉਣ ਵਿੱਚ ਸਫਲ ਹੋ ਗਏ। ਸ਼ਰਮਾ ਨੇ ਸਿਨਹੂਆ ਨੂੰ ਦੱਸਿਆ, "ਅਸੀਂ ਜ਼ਿਲ੍ਹੇ ਵਿੱਚ ਤਿੰਨ ਥਾਵਾਂ ਤੋਂ 11 ਲਾਸ਼ਾਂ ਬਰਾਮਦ ਕੀਤੀਆਂ ਹਨ।" ਇਸ ਦੌਰਾਨ ਕਾਠਮੰਡੂ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਵਾਲੇ ਰਾਜਮਾਰਗ ਦੇ ਮੁਗਲਿੰਗ-ਨਾਰਾਇਣਘਾਟ ਹਿੱਸੇ 'ਤੇ ਚਿਤਵਨ ਜ਼ਿਲ੍ਹੇ ਵਿੱਚ ਢਿੱਗਾਂ ਡਿੱਗਣ ਕਾਰਨ ਦੋ ਬੱਸਾਂ ਦੇ ਵਹਿ ਜਾਣ ਕਾਰਨ 65 ਯਾਤਰੀ ਲਾਪਤਾ ਹੋ ਗਏ।

**ਨੇਪਾਲ ਦੇ ਪ੍ਰਧਾਨ ਮੰਤਰੀ ਨੇ ਦੁੱਖ ਪ੍ਰਗਟ ਕੀਤਾ**

ਪੁਲਸ ਸੁਪਰਡੈਂਟ ਭਾਵੇਸ਼ ਰਿਮਲ ਨੇ ਕਾਠਮੰਡੂ ਪੋਸਟ ਨੂੰ ਦੱਸਿਆ ਕਿ ਨੇਪਾਲ ਪੁਲਸ ਅਤੇ ਹਥਿਆਰਬੰਦ ਪੁਲਸ ਬਲ ਬਚਾਅ ਕਾਰਜਾਂ ਲਈ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ ਹਨ। ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਿਲ ਨੇ ਘਟਨਾ 'ਤੇ ਦੁੱਖ ਪ੍ਰਗਟ ਕਰਦੇ ਹੋਏ ਸਬੰਧਤ ਏਜੰਸੀਆਂ ਨੂੰ ਖੋਜ ਅਤੇ ਬਚਾਅ ਕਾਰਜ ਚਲਾਉਣ ਦੇ ਨਿਰਦੇਸ਼ ਦਿੱਤੇ ਹਨ। ਜ਼ਿਲ੍ਹਾ ਪੁਲਸ ਦੇ ਬੁਲਾਰੇ ਭੇਸ਼ ਰਾਜ ਰਿਜਾਲ ਨੇ ਸਿਨਹੂਆ ਨੂੰ ਦੱਸਿਆ, "ਦੋਵੇਂ ਬੱਸਾਂ ਦੇ ਤ੍ਰਿਸ਼ੂਲੀ ਨਦੀ ਵਿੱਚ ਡਿੱਗਣ ਦਾ ਸ਼ੱਕ ਹੈ। ਬਚਾਅ ਟੀਮਾਂ ਜਿਨ੍ਹਾਂ ਵਿੱਚ ਗੋਤਾਖੋਰ ਸ਼ਾਮਲ ਹਨ, ਨੂੰ ਲੱਭਣ ਲਈ ਜੁਟਾਇਆ ਗਿਆ ਹੈ।"

**ਯਾਤਰੀਆਂ ਦੀ ਭਾਲ ਲਈ ਸਰਚ ਆਪਰੇਸ਼ਨ ਜਾਰੀ**

ਦਹਿਲ ਨੇ ਟਵਿੱਟਰ 'ਤੇ ਲਿਖਿਆ, 'ਨਾਰਾਇਣਘਾਟ-ਮੁਗਲਿੰਗ ਰੋਡ ਸੈਕਸ਼ਨ 'ਤੇ ਸਿਮਲਟਾਰ 'ਚ ਜ਼ਮੀਨ ਖਿਸਕਣ ਨਾਲ ਬੱਸਾਂ ਦੇ ਰੁੜ੍ਹ ਜਾਣ ਤੋਂ ਬਾਅਦ ਲਗਭਗ 5 ਦਰਜਨ ਯਾਤਰੀਆਂ ਦੇ ਲਾਪਤਾ ਹੋਣ ਦੀ ਖਬਰ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਤਬਾਹੀ ਕਾਰਨ ਹੋਏ ਨੁਕਸਾਨ ਤੋਂ ਮੈਂ ਬਹੁਤ ਦੁਖੀ ਹਾਂ। ਮੈਂ ਗ੍ਰਹਿ ਪ੍ਰਸ਼ਾਸਨ ਸਮੇਤ ਸਾਰੀਆਂ ਸਰਕਾਰੀ ਏਜੰਸੀਆਂ ਨੂੰ ਯਾਤਰੀਆਂ ਨੂੰ ਲੱਭਣ ਅਤੇ ਬਚਾਉਣ ਲਈ ਨਿਰਦੇਸ਼ ਦਿੰਦਾ ਹਾਂ। ਕਈ ਥਾਵਾਂ 'ਤੇ ਢਿੱਗਾਂ ਡਿੱਗਣ ਕਾਰਨ ਨਰਾਇਣਘਾਟ-ਮੁਗਲਿੰਗ ਰੋਡ ਸੈਕਸ਼ਨ 'ਤੇ ਆਵਾਜਾਈ ਵਿੱਚ ਵਿਘਨ ਪਿਆ ਹੈ। ਰੋਡ ਡਿਵੀਜ਼ਨ ਭਰਤਪੁਰ ਅਨੁਸਾਰ ਸੜਕ 'ਤੇ ਆਵਾਜਾਈ ਬਹਾਲ ਕਰਨ 'ਚ ਕਰੀਬ ਚਾਰ ਘੰਟੇ ਲੱਗਣਗੇ। ਨੇਪਾਲ ਵਿੱਚ ਮੌਨਸੂਨ ਸੀਜ਼ਨ ਦੇ ਦੌਰਾਨ ਹੜ੍ਹ, ਚਿੱਕੜ ਅਤੇ ਜ਼ਮੀਨ ਖਿਸਕਣਾ ਆਮ ਤੌਰ 'ਤੇ ਮੱਧ ਜੂਨ ਤੋਂ ਅਕਤੂਬਰ ਦੇ ਸ਼ੁਰੂ ਤੱਕ ਚੱਲਦਾ ਹੈ।

## ਹਾਲੀਵੁੱਡ ਸਲਾਹਕਾਰ ਮਾਈਕਲ ਦੀ ਹੱਤਿਆ ਕਰਨ ਵਾਲੀ ਔਰਤ ਨੂੰ 35 ਸਾਲ ਦੀ ਉਮਰ ਕੈਦ



ਅਮਰੀਕਾ ਵਿੱਚ ਹਾਲੀਵੁੱਡ ਮਨੋਰੰਜਨ ਸਲਾਹਕਾਰ ਅਤੇ ਸਮਾਜਿਕ ਨਿਆਂ ਦੇ ਵਕੀਲ ਮਾਈਕਲ ਲੈਟ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਈ ਗਈ ਇੱਕ ਔਰਤ ਨੂੰ ਬੁੱਧਵਾਰ ਨੂੰ 35 ਸਾਲ ਦੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਵਕੀਲਾਂ ਨੇ ਦੋਸ਼ ਲਾਇਆ ਕਿ ਮਿਸ਼ੇਲ ਨੇ 27 ਨਵੰਬਰ, 2023 ਨੂੰ ਲੈਟਸ ਲਾਸ ਏਂਜਲਸ ਦੇ ਘਰ ਦਾ ਦਰਵਾਜ਼ਾ ਖੜਕਾਇਆ, ਜ਼ਬਰਦਸਤੀ ਘਰ ਦੇ ਅੰਦਰ ਗਈ, ਅਤੇ ਸੈਮੀ-ਆਟੋਮੈਟਿਕ ਹੈਂਡਗਨ ਨਾਲ ਉਸ ਨੂੰ ਗੋਲੀ ਮਾਰ ਦਿੱਤੀ।

ਉਸ ਨੂੰ ਹਸਪਤਾਲ ਵਿੱਚ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਸੀ ਅਤੇ ਪੁਲਸ ਨੇ ਕਿਹਾ ਕਿ ਜਮੀਲਾ ਏਲੇਨਾ ਮਿਸ਼ੇਲ ਫਿਲਮ ਨਿਰਦੇਸ਼ਕ ਅਵੀ ਰੌਕਵੇਲ ਦਾ ਪਿੱਛਾ ਕਰ ਰਹੀ ਸੀ ਅਤੇ ਉਸ ਨੂੰ ਧਮਕਾ ਰਹੀ ਸੀ ਕਿਉਂਕਿ ਉਹ ਰੌਕਵੈਲ ਦਾ ਦੋਸਤ ਸੀ। ਮਿਸ਼ੇਲ ਨੇ ਪਿਛਲੇ ਮਹੀਨੇ ਨਵੰਬਰ ਦੇ ਹਮਲੇ ਦੇ ਸਬੰਧ ਵਿੱਚ ਪਹਿਲੀ-ਡਿਗਰੀ ਕਤਲ ਅਤੇ ਪਹਿਲੀ-ਡਿਗਰੀ ਚੋਰੀ ਦੇ ਦੋਸ਼ਾਂ ਲਈ ਦੋਸ਼ੀ ਕਰਾਰ ਦਿੱਤਾ ਗਿਆ ਸੀ।

ਮਿਸ਼ੇਲ ਦੀ ਨੁਮਾਇੰਦਗੀ ਕਰਨ ਵਾਲੇ ਪਬਲਿਕ ਡਿਫੈਂਡਰ ਦੇ ਦਫਤਰ ਨੇ ਉਸ ਦੇ ਦੋਸ਼ੀ ਠਹਿਰਾਏ ਜਾਣ ਦੀ ਪੁਸ਼ਟੀ ਕੀਤੀ। ਬੁੱਧਵਾਰ ਦੀ ਸੁਣਵਾਈ ਤੋਂ ਬਾਅਦ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਨੇ ਕੋਈ ਤੁਰੰਤ ਟਿੱਪਣੀ ਨਹੀਂ ਕੀਤੀ। ਲੈੱਟ ਇੱਕ ਸਲਾਹਕਾਰ ਸੀ ਜਿਸਦੀ ਕੰਪਨੀ ਫਿਲਮ ਅਤੇ ਮਨੋਰੰਜਨ ਵਿੱਚ ਸਮਾਜਿਕ ਪ੍ਰਭਾਵ 'ਤੇ ਕੇਂਦ੍ਰਿਤ ਸੀ। ਉਸਨੇ "ਸੇਲਮਾ" ਨਿਰਦੇਸ਼ਕ ਅਵਾ ਡੂਵਰਨੇ ਅਤੇ "ਬਲੈਕ ਪੈਂਥਰ" ਦੇ ਨਿਰਦੇਸ਼ਕ ਰਿਆਨ ਕੂਗਲਰ ਸਮੇਤ ਕਈ ਹੋਰਾਂ ਨਾਲ ਕੰਮ ਕੀਤਾ, ਅਤੇ ਉਸਦੀ ਮੌਤ 'ਤੇ ਪੂਰੇ ਹਾਲੀਵੁੱਡ ਵਿੱਚ ਸੋਗ ਮਨਾਇਆ ਗਿਆ।

ਕੁਝ ਹਫ਼ਤਿਆਂ ਬਾਅਦ, ਲੈਟ ਦੀ ਮਾਂ ਮਿਸ਼ੇਲ ਸੇਟਰ ਨੂੰ ਸਨਡੈਂਸ ਇੰਸਟੀਚਿਊਟ ਦੇ ਸੰਸਥਾਪਕ ਨਿਰਦੇਸ਼ਕ ਵਜੋਂ ਉਸਦੇ ਯੋਗਦਾਨ ਲਈ ਔਸਕਰ ਮਿਲਿਆ, ਅਤੇ ਸਮਾਰੋਹ ਵਿੱਚ ਉਸਦੀ ਭਾਗੀਦਾਰੀ ਉਸਦੇ ਬੇਟੇ ਲਈ ਸ਼ਰਧਾਂਜਲੀ ਬਣ ਗਈ। ਪੁਰਸਕਾਰ ਹਾਸਲ ਕਰਨ ਵਾਲੀ ਕੂਗਲਰ ਨੇ ਆਪਣੇ ਪੁੱਤਰ ਨੂੰ ਸੈਟਰ ਦਾ "ਦੁਨੀਆ ਦੇ ਲਈ ਸਭ ਤੋਂ ਵੱਡਾ ਤੋਹਫ਼ਾ" ਦੱਸਿਆ।

ਦੂਜੇ ਪਾਸੇ ਮਿਸ਼ੇਲ ਦੇ ਜਨਤਕ ਡਿਫੈਂਡਰ ਕਿੰਬਰਲੀ ਵੋਂਗ ਨੇ ਬੁੱਧਵਾਰ ਦੀ ਕਾਰਵਾਈ ਦੌਰਾਨ ਆਪਣੇ ਕਲਾਇੰਟ ਲਈ ਇੱਕ ਬਿਆਨ ਪੜ੍ਹਿਆ। ਵੋਂਗ ਨੇ ਅਦਾਲਤ ਨੂੰ ਦੱਸਿਆ, “ਮਿਸ਼ੇਲ ਨੇ ਆਪਣੀਆਂ ਕਾਰਵਾਈਆਂ ਦੀ ਜ਼ਿੰਮੇਵਾਰੀ ਲੈਣ ਅਤੇ ਸਾਰੇ ਸਬੰਧਤ ਲੋਕਾਂ ਲਈ ਸਹੀ ਕੰਮ ਕਰਨ ਲਈ ਆਪਣੀ ਪਟੀਸ਼ਨ ਨੂੰ ਦੋਸ਼ ਵਿੱਚ ਬਦਲ ਦਿੱਤਾ। “ਗੋਲੀਬਾਰੀ ਸਮੇਂ ਉਹ ਨੌਂ ਮਹੀਨਿਆਂ ਤੋਂ ਲਾਸ ਏਂਜਲਸ ਦੀਆਂ ਸੜਕਾਂ 'ਤੇ ਬੇਘਰ ਰਹੀ ਸੀ ਅਤੇ ਕਈ ਦੁਖਦਾਈ ਘਟਨਾਵਾਂ ਨਾਲ ਨਜਿੱਠ ਰਹੀ ਸੀ। ਉਹ ਬਹੁਤ ਸਾਰੇ ਲੋਕਾਂ ਨਾਲ ਹੋਏ ਜ਼ਬਰਦਸਤ ਦੁੱਖਾਂ ਤੋਂ ਬਹੁਤ ਦੁਖੀ ਹੈ ਅਤੇ ਉਮੀਦ ਕਰਦੀ ਹੈ ਕਿ ਦਲੀਲ ਵਿਚ ਉਸ ਦੇ ਬਦਲਾਅ ਨਾਲ ਸਾਰਿਆਂ ਨੂੰ ਠੀਕ ਹੋਣ ਅਤੇ ਅੱਗੇ ਵਧਣ ਵਿਚ ਮਦਦ ਮਿਲੇਗੀ। ” ਵੋਂਗ ਨੇ ਇਸ ਮਾਮਲੇ ਨੂੰ ਲੈ ਕੇ ਹੋਰ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

## ਅਮਰੀਕਾ ਦੇ ਗਲੇਸ਼ੀਅਰ ਨੈਸ਼ਨਲ ਪਾਰਕ 'ਚ ਡੁੱਬਣ ਕਾਰਨ ਭਾਰਤੀ ਨਾਗਰਿਕ ਦੀ ਮੌਤ



ਅਮਰੀਕਾ ਤੋਂ ਇਕ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਕੈਲੀਫੋਰਨੀਆ ਵਿਚ ਕੰਮ ਕਰਨ ਵਾਲਾ 26 ਸਾਲਾ ਭਾਰਤੀ ਨਾਗਰਿਕ ਦੋਸਤਾਂ ਨਾਲ ਛੁੱਟੀਆਂ ਮਨਾਉਣ ਦੌਰਾਨ ਅਮਰੀਕਾ ਦੇ ਮੋਂਟਾਨਾ ਸੂਬੇ ਦੇ ਮਸ਼ਹੂਰ ਗਲੇਸ਼ੀਅਰ ਨੈਸ਼ਨਲ ਪਾਰਕ ਵਿਚ ਡੁੱਬ ਗਿਆ। ਪਾਰਕ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।

ਨੈਸ਼ਨਲ ਪਾਰਕ ਸਰਵਿਸ ਨੇ ਇਕ ਬਿਆਨ ਵਿਚ ਕਿਹਾ ਕਿ ਭਾਰਤੀ ਦੀ ਪਛਾਣ ਸਿਧਾਂਤ ਵਿੱਠਲ ਪਾਟਿਲ ਵਜੋਂ ਹੋਈ ਹੈ। ਪਾਟਿਲ 6 ਜੂਨ ਨੂੰ ਐਵਲੈਂਚ ਲੇਕ ਟ੍ਰੇਲ 'ਤੇ ਖੱਡ ਦੇ ਉੱਪਰ ਹਾਈਕਿੰਗ ਕਰ ਰਿਹਾ ਸੀ, ਜਿੱਥੇ ਉਹ ਇੱਕ ਵੱਡੀ ਚੱਟਾਨ ਤੋਂ ਹਿਫਲੀ ਕ੍ਰੀਕ ਵਿੱਚ ਡਿੱਗ ਗਿਆ। ਇਹ ਸਪੱਸ਼ਟ ਨਹੀਂ ਹੈ ਕਿ ਕੀ ਉਹ ਚੱਟਾਨ ਦੇ ਗਿੱਲੇ ਹਿੱਸੇ 'ਤੇ ਫਿਸਲ ਗਿਆ ਜਾਂ ਆਪਣਾ ਸੰਤੁਲਨ ਗੁਆ ਬੈਠਾ। ਉਸ ਦੇ ਨਾਲ ਮੌਜੂਦ ਦੋਸਤਾਂ ਨੇ ਪਾਟਿਲ ਨੂੰ ਪਾਣੀ ਦੇ ਅੰਦਰ ਜਾਂਦੇ ਹੋਏ ਦੇਖਿਆ ਅਤੇ ਪਾਣੀ ਵਿਚ ਰੁੜ੍ਹਨ ਤੋਂ ਪਹਿਲਾਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਉਸ ਦੀ ਲਾਸ਼ ਨਹੀਂ ਮਿਲੀ ਹੈ। ਹੈਲੀਕਾਪਟਰਾਂ ਨੇ ਹਵਾਈ ਖੋਜ ਕੀਤੀ, ਪਰ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਲਾਸ਼ ਹੇਠਾਂ ਦੱਬੀ ਗਈ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਪਾਟਿਲ ਦੀ ਮੌਤ ਹੋ ਗਈ ਹੈ। ਰੇਂਜਰਾਂ ਨੂੰ ਸ਼ੱਕ ਹੈ ਕਿ ਲਾਸ਼ ਨੂੰ ਡਿੱਗੇ ਦਰੱਖਤਾਂ ਜਾਂ ਚੱਟਾਨਾਂ ਵਰਗੀਆਂ ਰੁਕਾਵਟਾਂ ਦੁਆਰਾ ਦਬਾਇਆ ਜਾ ਰਿਹਾ ਹੈ। ਰੇਂਜਰ ਲਗਾਤਾਰ ਖੇਤਰ ਦੀ ਨਿਗਰਾਨੀ ਕਰ ਰਹੇ ਹਨ ਅਤੇ ਹੇਠਾਂ ਡਿੱਗੀਆਂ ਨਿੱਜੀ ਚੀਜ਼ਾਂ ਨੂੰ ਮੁੜ ਪ੍ਰਾਪਤ ਕਰਨਾ ਸ਼ੁਰੂ ਕਰ ਰਹੇ ਹਨ। ਖੱਡ ਵਿੱਚ ਪਾਣੀ ਡੂੰਘਾਈ ਅਤੇ ਗੜਬੜ ਕਾਰਨ ਅਣਪਛਾਤਾ ਹੈ, ਜਿਸ ਨਾਲ ਸਫੈਦ ਪਾਣੀ ਦੀ ਸਥਿਤੀ ਪੈਦਾ ਹੋ ਰਹੀ ਹੈ। ਰੇਂਜਰਾਂ ਨੇ ਲਾਸ਼ ਦੀ ਸਥਿਤੀ ਦਾ ਪਤਾ ਲਗਾਉਣ ਲਈ ਇੱਕ ਡਰੋਨ ਉਡਾਇਆ, ਪਰ ਕੋਸ਼ਿਸ਼ ਅਸਫਲ ਰਹੀ। ਸੀਡਰਜ਼ ਦੇ ਟ੍ਰੇਲ 'ਤੇ ਖੱਡ ਤੋਂ ਲੈ ਕੇ ਪੁਲ ਤੱਕ ਜ਼ਮੀਨੀ ਖੋਜ ਦੇ ਯਤਨ ਜਾਰੀ ਹਨ। ਪਾਟਿਲ ਕੈਲੀਫੋਰਨੀਆ ਵਿਚ ਰਹਿ ਰਿਹਾ ਸੀ ਅਤੇ ਕੰਮ ਕਰ ਰਿਹਾ ਸੀ ਅਤੇ ਦੋਸਤਾਂ ਨਾਲ ਛੁੱਟੀਆਂ 'ਤੇ ਸੀ।

# ਅਰੁਣਾਚਲ ਪ੍ਰਦੇਸ਼ ਦੇ ਪ੍ਰਸਿੱਧ ਮੰਦਰ

ਤਵਾਂਗ ਵਿੱਚ ਸਥਿਤ, ਤਵਾਂਗ ਮੱਠ ਭਾਰਤ ਵਿੱਚ ਸਭ ਤੋਂ ਵੱਡੇ ਤਿੱਬਤੀ ਬੋਧੀ ਮੱਠਾਂ ਵਿੱਚੋਂ ਇੱਕ ਹੈ। ਇਸ ਦੀ ਸ਼ਾਨਦਾਰ ਬਣਤਰ ਅਤੇ ਸ਼ਾਂਤ ਮਾਹੌਲ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ, ਖੇਤਰ ਦੀ ਅਮੀਰ ਬੋਧੀ ਵਿਰਾਸਤ ਦੀ ਝਲਕ ਪੇਸ਼ ਕਰਦਾ ਹੈ।



ਸ਼੍ਰੀ ਪਰਸ਼ੂਰਾਮ ਕੁੰਡ ਮੰਦਰ ਬ੍ਰਹਮਪੁੱਤਰ ਪਠਾਰ 'ਤੇ ਸਥਿਤ ਇਕ ਪਵਿੱਤਰ ਹਿੰਦੂ ਤੀਰਥ ਸਥਾਨ ਹੈ, ਜੋ ਪਰਸ਼ੂਰਾਮ ਰਿਸ਼ੀ ਨਾਲ ਸੰਬੰਧਿਤ ਹੈ। ਸ਼ਰਧਾਲੂ ਇੱਥੇ ਇਸ ਦੇ ਪਵਿੱਤਰ ਪਾਣੀ ਵਿੱਚ ਡੁਬਕੀ ਲਗਾਉਣ ਲਈ ਆਉਂਦੇ ਹਨ, ਇਹ ਵਿਸ਼ਵਾਸ ਕਰਦੇ ਹੋਏ ਕਿ ਇਹ ਪਾਪਾਂ ਨੂੰ ਸਾਫ਼ ਕਰਨ ਅਤੇ ਅਸੀਸਾਂ ਪ੍ਰਦਾਨ ਕਰਦਾ ਹੈ।



ਲੇਕਾਂਗ ਵਿੱਚ ਸਥਿਤ, ਮਾਲਿਨੀਥਨ ਮੰਦਰ, ਜੋ ਕਿ ਇੱਕ ਪੁਰਾਤੱਤਵ ਸਥਾਨ ਹੈ, ਦੇਵੀ ਦੁਰਗਾ ਅਤੇ ਦੇਵੀ ਪਾਰਵਤੀ ਨੂੰ ਸਮਰਪਿਤ ਹੈ। ਗੁੰਝਲਦਾਰ ਨੱਕਾਸ਼ੀ ਨਾਲ ਸਜਿਆ ਹੋਇਆ ਅਤੇ ਹਰਿਆਲੀ ਨਾਲ ਘਿਰਿਆ ਹੋਇਆ, ਇਹ ਇੱਕ ਸ਼ਾਂਤ ਸੁਹਜ ਨੂੰ ਉਜਾਗਰ ਕਰਦਾ ਹੈ, ਬ੍ਰਹਮ ਅਸੀਸਾਂ ਦੀ ਮੰਗ ਕਰਨ ਵਾਲੇ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ।



ਨਮਸਾਈ ਵਿੱਚ ਸਥਿਤ, ਗੋਲਡਨ ਪਗੋਡਾ ਇੱਕ ਸ਼ਾਨਦਾਰ ਬੋਧੀ ਮੰਦਰ ਹੈ ਜੋ ਸੁਨਹਿਰੀ ਰੰਗਾਂ ਨਾਲ ਸਜਿਆ ਹੋਇਆ ਹੈ। ਇਸਦੀ ਸ਼ਾਨਦਾਰ ਆਰਕੀਟੈਕਚਰ ਅਤੇ ਸ਼ਾਂਤ ਮਾਹੌਲ ਇਸ ਨੂੰ ਇੱਕ ਪ੍ਰਸਿੱਧ ਤੀਰਥ ਸਥਾਨ ਬਣਾਉਂਦਾ ਹੈ, ਦੂਰੋਂ ਦੂਰੋਂ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਖਿੱਚਦਾ ਹੈ।



ਪਹਾੜੀ ਦੀ ਸਿਖਰ 'ਤੇ ਸਥਿਤ, ਗੋਮਪਾ ਬੋਧੀ ਮੰਦਿਰ ਬੋਧੀ ਸ਼ਰਧਾਲੂਆਂ ਲਈ ਇੱਕ ਸ਼ਾਂਤ ਪਨਾਹਗਾਹ ਹੈ। ਇਸ ਦਾ ਸ਼ਾਂਤ ਮਾਹੌਲ ਅਤੇ ਆਰਕੀਟੈਕਚਰਲ ਖੂਬਸੂਰਤੀ ਇੱਕ ਸ਼ਾਂਤ ਰਿਟਰੀਟ ਦੀ ਪੇਸ਼ਕਸ਼ ਕਰਦੀ ਹੈ, ਸੈਲਾਨੀਆਂ ਨੂੰ ਆਪਣੇ ਆਪ ਨੂੰ ਰੂਹਾਨੀਅਤ ਅਤੇ ਸ਼ਾਂਤੀ ਵਿੱਚ ਲੀਨ ਕਰਨ ਲਈ ਸੱਦਾ ਦਿੰਦੀ ਹੈ।



ਜ਼ੇਮਿਥਾਂਗ ਪਿੰਡ ਦੇ ਨੇੜੇ ਸਥਿਤ, ਗੋਰਸਮ ਚੋਰਟਨ ਸਟੂਪਾ ਖੇਤਰ ਦਾ ਸਭ ਤੋਂ ਵੱਡਾ ਸਟੂਪਾ ਹੈ, ਜੋ ਲਗਭਗ 100 ਫੁੱਟ ਦੀ ਉਚਾਈ 'ਤੇ ਖੜ੍ਹਾ ਹੈ। ਇਸ ਦੇ ਪ੍ਰਾਚੀਨ ਅਵਸ਼ੇਸ਼ ਅਤੇ ਪਵਿੱਤਰ ਕਲਾਕ੍ਰਿਤੀਆਂ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦੀਆਂ ਹਨ, ਖੇਤਰ ਦੀ ਅਮੀਰ ਸੱਭਿਆਚਾਰਕ ਵਿਰਾਸਤ ਦੀ ਝਲਕ ਪੇਸ਼ ਕਰਦੀਆਂ ਹਨ।



ਜ਼ੀਰੋ ਵਿੱਚ ਸਥਿਤ, ਸ਼੍ਰੀ ਸਿੱਧੇਸ਼ਵਰੰਥ ਮੰਦਿਰ ਭਗਵਾਨ ਸ਼ਿਵ ਨੂੰ ਸਮਰਪਿਤ ਇੱਕ ਸ਼ਾਨਦਾਰ ਅਚੰਭੇ ਹੈ। ਇਸ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਕੁਦਰਤੀ ਸ਼ਿਵ ਲਿੰਗ ਹੈ, ਜੋ ਇਸਨੂੰ ਦੇਖਣ ਲਈ ਇੱਕ ਦ੍ਰਿਸ਼ ਬਣਾਉਂਦਾ ਹੈ, ਦੂਰੋਂ ਦੂਰੋਂ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ।



ਸ਼ਾਂਤ ਬੋਮਡੀਲਾ ਬੋਧੀ ਮੱਠ, ਜੋ ਕਿ ਸਾਲ 1965 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਬੋਮਡੀਲਾ ਵਿੱਚ ਦੂਰ ਹੋ ਗਿਆ ਸੀ, ਬੋਧੀ ਅਧਿਆਤਮਿਕਤਾ ਦੇ ਮੂਲ ਨੂੰ ਦਰਸਾਉਂਦਾ ਹੈ। ਚਾਰੇ ਪਾਸੇ ਸੁੰਦਰ ਨਜ਼ਾਰਿਆਂ ਦੇ ਨਾਲ, ਇਹ ਪ੍ਰਤੀਬਿੰਬ ਅਤੇ ਧਿਆਨ ਲਈ ਇੱਕ ਸ਼ਾਂਤ ਮਾਹੌਲ ਪ੍ਰਦਾਨ ਕਰਦਾ ਹੈ।



ਥੁਪਸੁੰਗ ਧਰਗਏ ਬੋਧੀ ਮੱਠ, ਜੋ ਕਿ ਦਿਰਾਂਗ ਵਿੱਚ ਸਥਿਤ ਹੈ, ਬੋਧੀਆਂ ਲਈ ਇੱਕ ਸਤਿਕਾਰਯੋਗ ਅਸਥਾਨ ਹੈ। ਇਸ ਦੇ ਸ਼ਾਂਤ ਮਾਹੌਲ ਅਤੇ ਦਿਰਾਂਗ ਘਾਟੀ ਦੇ ਸ਼ਾਨਦਾਰ ਦ੍ਰਿਸ਼ਾਂ ਦੇ ਕਾਰਨ ਇਹ ਧਿਆਨ ਅਤੇ ਅਧਿਆਤਮਿਕ ਪ੍ਰਤੀਬਿੰਬ ਲਈ ਸੰਪੂਰਣ ਰੀਟਰੀਟ ਹੈ।